# ਕਿਰਪਾਨ ਦਾ ਅੰਮ੍ਰਿਤ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਦਿਆਲੇ, ਸਿੱਖ-ਮਤਿ, ਵਿੱਚ ਪ੍ਰਵੇਸ਼ ਕਰਨ ਲਈ 'ਅੰਮ੍ਰਿਤ' ਛੱਕਣਾ ਪੈਂਦਾ ਹੈ, ਜੋ ਕਿ ਸਿੱਖ-ਮਤਿ ਦੀ ਪ੍ਰਵਾਣਿਤ ਗੁਰ-ਦੀਖਿਆ ਹੈ। ਇਹ 'ਅੰਮ੍ਰਿਤ' ਜਲ ਵਿੱਚ ਖੰਡਾ ਫੇਰਦੇ ਹੋਏ ਤਿਆਰ ਕੀਤਾ ਜਾਂਦਾ ਹੈ, ਇਸ ਲਈ ਇਸ ਨੂੰ 'ਖੰਡੇ ਦਾ ਅੰਮ੍ਰਿਤ' ਆਖਿਆ ਜਾਂਦਾ ਹੈ। ਇਸ ਨੂੰ 'ਖੰਡੇਧਾਰ ਪਾਹੁਲ', 'ਖੰਡੇ ਦੀ ਪਾਹੁਲ' ਆਦਿ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜੋ ਕਿ ਇੱਕ ਦੂਜੇ ਦੇ ਸਮਾਨ-ਅਰਥਕ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਦੇ ਅੰਮ੍ਰਿਤ ਦੀ ਸ਼ੁਰੂਆਤ ਕੀਤੀ ਤੇ ਖੰਡੇ ਦੇ ਅੰਮ੍ਰਿਤ ਰਾਹੀਂ ਜਿਗਿਆਸੂ ਨੂੰ ਗੁਰ-ਦੀਖਿਆ ਦੇਣ ਦਾ ਅਧਿਕਾਰ ਪੰਜ ਪਿਆਰਿਆਂ ਨੂੰ ਦਿੱਤਾ।

ਪੰਜ ਪਿਆਰੇ 'ਖੰਡੇ ਦਾ ਅੰਮ੍ਰਿਤ' ਤਿਆਰ ਕਰਦਿਆਂ ਸ੍ਰੀ ਜਪੁ ਜੀ ਸਾਹਿਬ, ਸ੍ਰੀ ਜਾਪੁ ਸਾਹਿਬ, ੧੦ ਸਵਯੇ, ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ॥) ਅਤੇ ਸ੍ਰੀ ਅਨੰਦ ਸਾਹਿਬ ਜੀ ਦਾ ਪਾਠ ਕਰਦੇ ਹਨ। ਇਸ ਪ੍ਰਕਾਰ ਤਿਆਰ ਕੀਤਾ ਹੋਇਆ ਅੰਮ੍ਰਿਤ ਜਿਗਿਆਸੂਆਂ ਨੂੰ ਛਕਾਇਆ ਜਾਂਦਾ ਹੈ, ਭਾਵੇਂ ਉਹ ਇਸਤਰੀ ਹੋਏ ਜਾਂ ਪੁਰਸ਼।

ਲੇਕਿਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਨਹੀਂ ਛਕਾਇਆ ਜਾਂਦਾ। ਇਸਤਰੀਆਂ ਲਈ 'ਕਿਰਪਾਨ ਦਾ ਅੰਮ੍ਰਿਤ' ਤਿਆਰ ਕੀਤਾ ਜਾਂਦਾ ਹੈ। ਇਸ ਨੂੰ 'ਕਿਰਪਾਨ ਦਾ ਅੰਮ੍ਰਿਤ' ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਹ ਅੰਮ੍ਰਿਤ ਤਿਆਰ ਕਰਦਿਆਂ ਖੰਡੇ ਦੀ ਜਗ੍ਹਾ ਕਿਰਪਾਨ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਖੰਡੇ ਦੇ ਅੰਮ੍ਰਿਤ ਤੇ ਤਖ਼ਤ ਸਾਹਿਬ ਵਿਖੇ ਤਿਆਰ ਕੀਤੇ ਜਾਂਦੇ 'ਕਿਰਪਾਨ ਦੇ ਅੰਮ੍ਰਿਤ' ਵਿੱਚ ਇੱਕ ਫ਼ਰਕ ਇਹ ਵੀ ਹੈ ਕਿ ਖੰਡੇ ਦਾ ਅੰਮ੍ਰਿਤ ਤਿਆਰ ਕਰਦਿਆਂ ਪੰਜ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ, ਜਦਕਿ ਕਿਰਪਾਨ ਦਾ ਅੰਮ੍ਰਿਤ ਤਿਆਰ ਕਰਦਿਆਂ ਕੇਵਲ ਸ੍ਰੀ ਜਪੁ ਜੀ ਸਾਹਿਬ, ਸ੍ਰੀ ਜਾਪੁ ਸਾਹਿਬ ਜੀ ਦੀਆਂ ਅਰੰਭਕ ਤੇ ਆਖ਼ਰੀ ਪਉੜੀਆਂ, ਸ੍ਰੀ ਅਨੰਦ ਸਾਹਿਬ ਜੀ ਦੀਆਂ ਪਹਿਲੀਆਂ ੫ ਤੇ ਆਖ਼ਰੀ ਇੱਕ ਪਉੜੀ ਦਾ ਹੀ ਪਾਠ ਕੀਤਾ ਜਾਂਦਾ ਹੈ।

ਖੰਡੇ ਦੇ ਅੰਮ੍ਰਿਤ ਤੇ ਕਿਰਪਾਨ ਦੇ ਅੰਮ੍ਰਿਤ ਵਿੱਚ ਇੱਕ ਹੋਰ ਜ਼ਿਕਰਯੋਗ ਅੰਤਰ ਇਹ ਵੀ ਹੈ ਕਿ ਖੰਡੇ ਦਾ ਅੰਮ੍ਰਿਤ ਪੰਜ ਪਿਆਰੇ ਤਿਆਰ ਕਰਦੇ ਹਨ, ਜਦ ਕਿ ਕਿਰਪਾਨ ਦਾ ਅੰਮ੍ਰਿਤ ਕੇਵਲ ਇੱਕ ਹੀ ਸਿੰਘ ਤਿਆਰ ਕਰ ਕੇ ਇਸਤਰੀਆਂ ਨੂੰ ਛਕਾ ਦਿੰਦਾ ਹੈ।

ਇੱਥੇ ਇਹ ਸਪਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਕੁੱਝ ਗੁਰਸਿੱਖ ਘਰਾਣਿਆਂ ਵਿੱਚ ਨਵ-ਜੰਮੇ ਬੱਚੇ ਨੂੰ ਗੁੜ੍ਹਤੀ ਵਜੋਂ ਜਲ ਪਿਲਾਇਆ ਜਾਂਦਾ ਹੈ । ਇਹ ਜਲ ਤਿਆਰ ਕਰਨ ਸਮੇਂ ਇਸ ਵਿੱਚ ਪਤਾਸੇ ਪਾ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ ਤੇ ਨਾਲ-ਨਾਲ ਜਲ ਵਿੱਚ ਕਿਰਪਾਨ ਵੀ ਫੇਰਦੇ ਰਹਿੰਦੇ ਹਨ । ਇਸ ਨੂੰ ਇੱਕ ਹੀ ਸਿੰਘ ਤਿਆਰ ਕਰਦਾ ਹੈ । ਆਮ ਬੋਲਚਾਲ ਵਿੱਚ ਇਸ ਜਲ ਨੂੰ ਵੀ 'ਅੰਮ੍ਰਿਤ' ਜਾਂ 'ਕਿਰਪਾਨ ਦਾ ਅੰਮ੍ਰਿਤ' ਆਖ ਦਿੱਤਾ ਜਾਂਦਾ ਹੈ । ਇਹ 'ਕਿਰਪਾਨ ਦਾ ਅੰਮ੍ਰਿਤ' ਤਿਆਰ ਕਰਨ ਵਾਲਾ ਸਿੰਘ ਕਿਰਪਾਨ ਨਾਲ ਹੀ ਇਸ ਜਲ ਦੀਆਂ ਬੂੰਦਾਂ ਨਵ-ਜੰਮੇ ਬੱਚੇ ਦੇ ਮੂੰਹ ਵਿੱਚ ਟਪਕਾ ਦਿੰਦਾ ਹੈ । ਇਸ ਨੂੰ ਇੱਕ ਧਾਰਮਿਕ ਰਸਮ ਸਮਝਿਆ ਜਾਂਦਾ ਹੈ । ਸੰਤ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਨੇ ਇਸ ਬਾਰੇ ਇਸ ਪ੍ਰਕਾਰ ਲਿੱਖਿਆ ਹੈ : -

> ਕੜਾਹ ਪ੍ਰਸਾਦਿ ਦੀ ਦੇਗ਼ ਹਜ਼ੂਰੀ ਵਿੱਚ ਲਿਆ ਕੇ ਅੰਮ੍ਰਿਤ ਤਿਆਰ ਕਰ ਕੇ ਬੱਚੇ ਦੇ ਮੁੱਖ ਵਿੱਚ ਪਾਉਣਾ ਇਹ ਪਹਿਲੀ ਗੁੜ੍ਹਤੀ ਹੈ ।[੧]

ਉਸੇ ਪੰਨੇ 'ਤੇ ਦਿੱਤੇ ਇੱਕ ਫ਼ੁਟ-ਨੋਟ ਵਿੱਚ ਲਿੱਖਿਆ ਹੈ : -

> ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦਾ ਜਨਮ ਸੰਸਕਾਰ ਵੀ ਏਸੇ ਤਰ੍ਹਾਂ ਉਹਨਾਂ ਦੇ ਸਤਿਕਾਰਯੋਗ ਪਿਤਾ ਬਾਬਾ ਖ਼ਜ਼ਾਨ ਸਿੰਘ ਜੀ, ਜੋ ਗੁਰਬਾਣੀ ਦੇ ਨਿਤਨੇਮੀ, ਪ੍ਰੇਮੀ ਤੇ ਅੰਮ੍ਰਿਤਧਾਰੀ ਸਨ, ਨੇ ਕੀਤਾ ਸੀ । ਇਹ ਸੋਹਣੀ ਪਰਿਪਾਟੀ ਸਭ ਅੰਮ੍ਰਿਤਧਾਰੀ ਸਿੰਘਾਂ ਵਿੱਚ ਪ੍ਰਚੱਲਿਤ ਹੈ ।[੨]

ਨਵ-ਜੰਮੇ ਬੱਚੇ ਨੂੰ ਇਸ ਤਰ੍ਹਾਂ 'ਕਿਰਪਾਨ ਦਾ ਅੰਮ੍ਰਿਤ' ਪਿਲਾਉਣਾ ਗੁਰ-ਦੀਖਿਆ ਨਹੀਂ ਹੈ । ਜਦੋਂ ਬੱਚਾ ਵੱਡਾ ਹੁੰਦਾ ਹੈ, ਤਾਂ ਗੁਰ-ਦੀਖਿਆ ਪ੍ਰਾਪਤ ਕਰਨ ਲਈ ਉਸ ਨੂੰ ਖੰਡੇ ਦਾ ਅੰਮ੍ਰਿਤ ਛੱਕਣਾ ਪੈਂਦਾ ਹੈ । ਮੇਰਾ ਜਨਮ ਹੋਣ ਮਗਰੋਂ ਮੇਰੇ ਨਾਨਾ ਜੀ ਗਿਆਨੀ ਲਾਲ ਸਿੰਘ ਜੀ ਨੇ ਮੈਨੂੰ 'ਕਿਰਪਾਨ ਦੇ ਅੰਮ੍ਰਿਤ' ਨਾਲ ਗੁੜ੍ਹਤੀ ਦਿੱਤੀ ਸੀ । ਗੁਰ-ਦੀਖਿਆ ਪ੍ਰਾਪਤ ਕਰਨ ਲਈ ਮੈਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਹਾਜ਼ਿਰ ਹੋਇਆ ਤੇ ਖੰਡੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ।[੩]

---

[੧] 'ਖ਼ਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ', ਪੰਨਾ ੧੬੦, ਪਹਿਲੀ ਐਡੀਸ਼ਨ ੧੯੭੭.

[੨] 'ਖ਼ਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ', ਪੰਨਾ ੧੬੦, ਪਹਿਲੀ ਐਡੀਸ਼ਨ ੧੯੭੭.

[੩] ਨਵ-ਜੰਮੇ ਬੱਚੇ ਨੂੰ 'ਕਿਰਪਾਨ ਦੇ ਅੰਮ੍ਰਿਤ' ਰਾਹੀਂ ਗੁੜ੍ਹਤੀ ਦੇਣੀ ਸਾਡੇ ਪਰਿਵਾਰਾਂ ਵਿੱਚ ਪੁਰਾਣੀ ਚਲੀ ਆ ਰਹੀ ਪਰੰਪਰਾ ਹੈ ।

ਨਵ-ਜੰਮੇ ਬੱਚੇ ਨੂੰ ਕਿਰਪਾਨ ਦੇ ਅੰਮ੍ਰਿਤ ਦੀ ਗੁੜ੍ਹਤੀ ਦੇਣੀ 'ਖੰਡੇ ਦੇ ਅੰਮ੍ਰਿਤ' ਦਾ ਬਦਲ ਨਹੀਂ ਹੈ, ਪਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਇਸਤਰੀਆਂ ਨੂੰ ਜੋ 'ਕਿਰਪਾਨ ਦਾ ਅੰਮ੍ਰਿਤ' ਛਕਾਇਆ ਜਾਂਦਾ ਹੈ, ਉਹ 'ਖੰਡੇ ਦੇ ਅੰਮ੍ਰਿਤ' ਦਾ ਬਦਲ ਹੈ । ਇਸ ਲੇਖ ਦਾ ਮਕਸਦ ਤਖ਼ਤ ਸਾਹਿਬ ਜੀ ਵਿਖੇ ਤਿਆਰ ਕੀਤੇ ਜਾਂਦੇ 'ਕਿਰਪਾਨ ਦੇ ਅੰਮ੍ਰਿਤ' ਬਾਰੇ ਵੀਚਾਰ ਕਰਨੀ ਹੀ ਹੈ, ਜੋ 'ਖੰਡੇ ਦੇ ਅੰਮ੍ਰਿਤ' ਦੇ ਬਦਲ ਵਜੋਂ ਕੇਵਲ ਇਸਤਰੀਆਂ ਨੂੰ ਛਕਾਇਆ ਜਾਂਦਾ ਹੈ ।

ਸਿੰਘ ਸਾਹਿਬ ਜੀ ਨੇ ਆਪਣੇ ਵੀਚਾਰਾਂ ਦੀ ਪ੍ਰੋੜ੍ਹਤਾ ਵਜੋਂ 'ਖ਼ਾਲਸਾ ਧਰਮ ਸ਼ਾਸਤ੍ਰ' ਨਾਂ ਦੀ ਇੱਕ ਪੁਸਤਕ ਵਿੱਚੋਂ ਹਵਾਲਾ ਦੇਣਾ ਹੀ ਠੀਕ ਸਮਝਿਆ ਹੈ, ਜੋ ਕਿ ਪੁਰਾਤਨ ਪੁਸਤਕ ਨਹੀਂ ਹੈ । ਸਿੰਘ ਸਾਹਿਬ ਜੀ ਨੇ ਲਿੱਖਿਆ ਹੈ : -

> ਇਸ ਬਾਰੇ ਅਸਾਂ ਕੁਛ ਭੀ ਅਪਨੇ ਵਲੋਂ ਕੁਛ ਭੀ ਨਹੀਂ ਕਹਿਨਾ, ਕਿਉਂਕਿ ਮਾਈਆਂ ਦੀ ਸ਼ਾਨ ਵਿਚ ਕੁਛ ਲਫ਼ਜ਼ ਵਧ-ਘਟ ਨਾ ਵਰਤੇ ਜਾਏ । ਜੋ ਕੁਛ ਅਸਾਂ ਨੇ ਖ਼ਾਲਸਾ ਧਰਮ ਸ਼ਾਸ਼ਤ੍ਰ ਗ੍ਰੰਥ ਤੋਂ ਪੜ੍ਹੀਆ ਹੈ, ਉਸ ਦੀ ਹੂਬਹੂ ਨਕਲ ਲਿਖ ਰਹੇ ਹਾਂ ।

ਕੇਵਲ 'ਖ਼ਾਲਸਾ ਧਰਮ ਸ਼ਾਸਤ੍ਰ' ਵਿੱਚੋਂ ਹੀ ਹਵਾਲਾ ਦੇਣਾ ਸਿੰਘ ਸਾਹਿਬ ਜੀ ਦੀ ਮਜਬੂਰੀ ਹੀ ਆਖੀ ਜਾ ਸਕਦੀ ਹੈ, ਕਿਉਂਕਿ ਕਿਸੇ ਪੁਰਾਤਨ ਪੁਸਤਕ ਵਿੱਚ ਇਸਤਰੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਛਕਾਉਣ ਦਾ ਜ਼ਿਕਰ ਨਹੀਂ ਮਿਲਦਾ ।[੪]

'ਖ਼ਾਲਸਾ ਧਰਮ ਸ਼ਾਸਤ੍ਰ' ਦੇ ਹਵਾਲੇ ਨਾਲ ਸਿੰਘ ਸਾਹਿਬ ਜੀ ਲਿੱਖਦੇ ਹਨ : -

> ਪ੍ਰਿਥਮ ਮੇਂ ਤਾਂ ਇਸਤ੍ਰੀਆਂ ਦਾ ਅਧਿਕਾਰ ਚਰਨ-ਪਾਹੁਲ ਦਾ ਹੈ, ਜਿਸ ਕਰ ਭਾਉ, ਭਗਤੀ, ਨਿਮ੍ਰਤਾ ਵਿਚ ਸੰਪਨ ਹੋਣ, ਪ੍ਰ ਇਸ ਤੋਂ ਵਧ ਏਹ ਹੈ ਕਿ ਕਈ ਖੰਡੇ ਪਾਹੁਲੀਆਂ ਸਿੰਘ ਪਿਆਰਿਆਂ ਦਾ ਇਹੋ ਨੇਮ ਹੁੰਦਾ ਹੈ ਕਿ ਬੇ-ਅਮ੍ਰਤੀਏ ਦੇ ਹਥ ਦਾ ਨਹੀਂ ਛਕਦੇ ਤਥਾ ਹੋਰ ਨਜ਼ੀਕੀ ਬਿਹਾਰ ਨਹੀਂ ਕਰਦੇ ਤਥਾ ਛਤਰਾਨੀਆਂ ਵਾਲੇ ਖ਼ਿਆਲ, ਜੋ ਸਿੰਘਨੀਆਂ ਦੇ ਚਾਹੀਦੇ ਹਨ, ਬਿਨਾਂ ਐਸ ਅਮ੍ਰਤ ਦੀ ਪਾਹੁਲ ਦੇ ਇਸਤ੍ਰੀਆਂ ਨੂੰ ਉਤਪਨ ਨਹੀਂ ਹੋਂਦੇ, ਜੋ ਛਤ੍ਰੀ ਬ੍ਰਿਤ ਵਾਲਿਆਂ ਪਤੀਆਂ ਦੀ ਸਹਾਇਤਾ ਕਰ ਸਕਨ ਤਥਾ ਅਪਨੀ ਸੰਤਾਨ ਨੂੰ ਸੂਰਬੀਰਤਾ ਦੇ ਉਤਸ਼ਾਹ ਵਾਲੀ ਸਿਖਯਾ ਦੇ ਸਕਨ । ਤਾਤਪ੍ਰਯ ਏਹ ਹੈ ਕਿ ਜਿਨਾਂ ਲੋੜਾਂ, ਜੁਗਤੀਆਂ ਅਤੇ ਪ੍ਰਮਾਨਾਂ ਦੁਵਾਰਾ ਇਸਤ੍ਰੀਆਂ ਨੂੰ ਪੁਰਸ਼ਾਂ ਤੁਲ ਪਾਹੁਲਧਾਰੀ ਹੋਨ ਦੀ ਲੋੜ ਦਿਸੇ, ਉਸ ਲੋੜ

[੪] 'ਰਹਿਤਨਾਮਾ ਭਾਈ ਚਉਪਾ ਸਿੰਘ' ਬਾਰੇ ਵੀਚਾਰ ਇਸੇ ਲੇਖ ਵਿੱਚ ਅੱਗੇ ਕੀਤੀ ਗਈ ਹੈ ।

> ਨੂੰ ਪੂਰਾ ਕਰਨ ਲਈ ਇਸਤ੍ਰੀਆਂ ਨੂੰ ਐਸੀ ਪਾਹੁਲ ਦੇਨ ਦੀ ਮ੍ਰਿਜਾਦਾ ਹੈ। ਪ੍ਰ ਏਹ ਪੁਰਸ਼ਾਂ ਵਾਲੇ ਖੰਡੇ ਦੇ ਅਮ੍ਰਤ ਦੀ ਪਾਹੁਲ ਨਹੀਂ ਹੈ। ਇਸਤ੍ਰੀਆਂ ਲਈ ਪੁਰਸ਼ਾਂ ਦੇ ਅਮ੍ਰਤ ਤੋਂ ਭਿੰਨ ਅਮ੍ਰਤ ਦੀ ਰੀਤੀ ਪੰਥ ਵਿਚ ਪ੍ਰਵਾਨ ਕੀਤੀ ਹੋਈ ਚਲੀ ਆਉਂਦੀ ਹੈ।

ਜ਼ਾਹਿਰ ਹੈ ਕਿ ਸਿੰਘ ਸਾਹਿਬ ਜੀ ਦਾ ਵੀਚਾਰ ਇਹ ਸੀ ਕਿ ਇਸਤਰੀ ਨੂੰ ਤਾਂ ਕੇਵਲ 'ਚਰਨ ਪਾਹੁਲ' ਪ੍ਰਾਪਤ ਕਰਨ ਦਾ ਹੀ ਅਧਿਕਾਰ ਹੈ। ਕਿਰਪਾਨ ਦਾ ਅੰਮ੍ਰਿਤ ਛਕਾਉਣ ਦਾ ਵਿਧਾਨ ਕੇਵਲ ਇਸ ਕਾਰਣ ਕਰਨਾ ਪਿਆ, ਕਿਉਂਕਿ ਕੁੱਝ ਸਿੰਘ ਬੇ-ਅੰਮ੍ਰਿਤੀਆਂ ਦੇ ਹੱਥ ਦਾ ਤਿਆਰ ਕੀਤਾ ਭੋਜਨ ਨਹੀਂ ਛੱਕਦੇ। ਸਿੰਘ ਸਾਹਿਬ ਜੀ ਨੂੰ ਚਾਹੀਦਾ ਸੀ ਕਿ ਉਹ ਇੱਥੇ ਇਹ ਸਪਸ਼ਟ ਕਰਦੇ ਕਿ ਜੇ ਇਸਤਰੀ ਦਾ ਅਧਿਕਾਰ 'ਪ੍ਰਿਥਮ ਮੇਂ' ਚਰਨ ਪਾਹੁਲ ਦਾ ਹੀ ਹੈ, ਤਾਂ ਉਸ ਨੂੰ ਕਿਰਪਾਨ ਦਾ ਅੰਮ੍ਰਿਤ ਛਕਾਉਣ ਦੀ ਕਾਢ ਕਿਸ ਨੇ ਕੱਢੀ? ਇਹ ਕਹਿਣਾ ਕਿ 'ਪ੍ਰਿਥਮ ਮੇਂ' ਇਸਤਰੀ ਨੂੰ 'ਚਰਨ ਪਾਹੁਲ' ਦਾ ਹੀ ਅਧਿਕਾਰ ਹੈ, ਸਪਸ਼ਟ ਇਸ਼ਾਰਾ ਕਰਦਾ ਹੈ ਕਿ ਇਸਤਰੀਆਂ ਨੂੰ ਗੁਰ-ਦੀਖਿਆ ਵਜੋਂ ਕਿਰਪਾਨ ਦਾ ਅੰਮ੍ਰਿਤ ਛਕਾਉਣਾ ਮਗਰੋਂ ਸ਼ੁਰੂ ਕੀਤੀ ਰੀਤੀ ਹੈ। ਜੇ ਇਸਤਰੀ ਲਈ ਪੁਰਾਤਨ ਰੀਤੀ 'ਚਰਨ ਪਾਹੁਲ' ਦੀ ਹੈ, ਤਾਂ ਕਿਰਪਾਨ ਦਾ ਅੰਮ੍ਰਿਤ ਪੁਰਾਤਨ ਰੀਤੀ ਤਾਂ ਨਾ ਹੋਇਆ। ਇੱਥੋਂ ਇਹ ਤਾਂ ਸੰਕੇਤ ਮਿਲ ਹੀ ਰਿਹਾ ਹੈ ਕਿ ਇਸਤਰੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਛਕਾਉਣਾ ਇੱਕ ਨਵੀਨ ਰੀਤੀ ਹੈ।

ਸਿੰਘ ਸਾਹਿਬ ਜੀ ਨੇ ਪੁਸਤਕ 'ਖ਼ਾਲਸਾ ਧਰਮ ਸ਼ਾਸਤ੍ਰ' ਦਾ ਹਵਾਲਾ ਇਸ ਪ੍ਰਕਾਰ ਦਿੱਤਾ ਹੈ : -

> ਜੈਸੇ ਕਰਤਾਰ ਦੀ ਕੁਦਰਤ ਵਲੋਂ ਪੁਰਖਿਆਂ ਅਤੇ ਇਸਤ੍ਰੀਆਂ ਦੀ ਬਨਾਵਟ ਦਾ ਭੇਦ ਹੈ, ਤਥਾ ਹੀ ਪੁਰਸ਼ਾਂ ਅਤੇ ਇਸਤ੍ਰੀਆਂ ਦੇ ਬਸਤ੍ਰਾਂ ਅਤੇ ਭੂਖਨਾਂ ਦਾ ਭੇਦ ਹੈ । ਜੈਸੇ ਕਾਰ ਵਿਹਾਰ ਤਥਾ ਸੰਤਾਨ ਉਤਪਤੀ ਤੋਂ ਆਦਿ ਲੇ ਕਰ ਗ੍ਰਿਹ ਕੁਟੰਬ ਦੇ ਕਾਰਜਾਂ ਵਿਚ ਪੁਰਖਿਆਂ ਅਤੇ ਇਸਤ੍ਰੀਆਂ ਦੀ ਵਿਲਖਣਤਾ ਹੈ, ਐਸੇ ਹੀ ਪੁਰਸ਼ਾਂ ਤੇ ਇਸਤ੍ਰੀਆਂ ਲਈ ਅਮ੍ਰਤ ਦੀ ਭੀ ਭਿੰਨਤਾ ਤੇ ਵਿਲਖਣਤਾ ਹੈ । ਪੁਰਸ਼ਾਂ ਲਈ ਖੰਡੇ ਦਾ ਅਮ੍ਰਤ ਅਤੇ ਇਸਤ੍ਰੀਆਂ ਲਈ ਕਿਰਪਾਣ ਦਾ ਅਮ੍ਰਤ ਹੈ । ਏਹ ਕਾਰਣ ਹੈ ਕਿ ਸਿੰਘ ਸੀਸ ਦੇ ਵਿਚ ਖੰਡੇ ਤੇ ਕਿਰਪਾਣ ਦੀ ਜੋਰੀ ਦੀ ਧਾਰਨਾ ਰਖਦੇ ਹਨ । ਜੈਸੇ ਪੁਰਸ਼ ਇਸਤ੍ਰੀ ਦੀ ਜੋੜੀ ਜੁੜੀ ਹੈ, ਐਸੇ ਹੀ ਖੰਡੇ ਕ੍ਰਿਪਾਣ ਦੀ ਭੀ ਜੋੜੀ ਹੈ । ਭਾਵੇਂ ਪੁਰਖਿਆਂ ਅਤੇ ਇਸਤ੍ਰੀਆਂ ਦੀ ਜਾਤੀਆਂ ਅਤੇ ਗੁਣਾਂ ਕਰਮਾਂ ਸੁਭਾਵਾਂ ਵਿਚ ਵਿਲਖਣਤਾ ਦੇ ਤੁਲ ਅੰਮ੍ਰਤ ਵਿਚ ਭੀ ਭੇਦ ਹੈ, ਪ੍ਰ ਅੰਮ੍ਰਤਧਾਰੀ ਹੋਨ ਵਿਚ ਭੇਦ ਵਾਕ ਨਹੀਂ ਹੈ । ਪੁਰਸ਼ਾਂ ਦੇ ਅੰਮ੍ਰਤ ਕਰ ਪੁਰਸ਼ ਅੰਮ੍ਰਤਧਾਰੀ ਅਤੇ ਇਸਤ੍ਰੀਆਂ ਦੇ ਅੰਮ੍ਰਤ ਕਰ ਇਸਤ੍ਰੀਆਂ ਅੰਮ੍ਰਤਧਾਰੀ ਹੁੰਦੀਆਂ ਹਨ । ਜੈਸੇ ਪੁਰਖਿਆਂ ਅਤੇ ਇਸਤ੍ਰੀਆਂ ਦੇ ਬਸਤ੍ਰ

> ਭੂਖਣਾਂ ਦੀ ਵਿਲਖਣਤਾ ਹੋਨੇ ਪ੍ਰ ਭੀ ਅਪਨੇ ਅਪਨੇ ਭੂਖਨ ਬਸਤ੍ਰਧਾਰੀ ਤੁਲ ਹੁੰਦੇ ਹਨ, ਅ੍ਥਾਤ ਪੁਰਸ਼ਾਂ ਇਸਤ੍ਰੀਆਂ ਦੋਹਾਂ ਨੂੰ ਬਸਤ੍ਰ ਭੂਖਣ ਧਾਰਨ ਲਈ ਕਹੋ, ਤਾਂ ਦੋਵੇਂ ਅਪਨੇ ਅਪਨੇ ਪ੍ਰਕਾਰ ਦੇ ਬਸਤ੍ਰ ਭੂਖਣ ਧਾਰਨ ਕਰਨਗੇ । ਐਸੇ ਪੁਰਖਿਆਂ ਅਤੇ ਇਸਤ੍ਰੀਆਂ ਦੋਹਾਂ ਨੂੰ ਅਮ੍ਰਤ ਛਕਾਉਨਾ ਹੋਵੇ, ਤਾਂ ਪੁਰਖਿਆਂ ਨੂੰ ਪੁਰਖਾਂ ਵਾਲਾ ਖੰਡੇ ਦਾ ਅਤੇ ਇਸਤ੍ਰੀਆਂ ਨੂੰ ਕਿਰਪਾਨ ਦਾ ਹੀ ਛਕਾਉਨ ਦੀ ਰੀਤੀ ਹੈ । ਪ੍ਰ ਅਮ੍ਰਤ ਛਕ ਕਰ ਪੁਰਖ ਅਤੇ ਇਸਤ੍ਰੀਆਂ ਦੋਵੇਂ ਹੀ ਇਕਸਾਰ ਅੰਮ੍ਰਤਧਾਰੀ ਹੁੰਦੇ ਹਨ ।

ਗੁਰਦੀਖਿਆ ਪ੍ਰਾਪਤ ਕਰਨ ਤੇ ਗਹਿਣੇ ਧਾਰਨ ਕਰਨ ਵਿੱਚ ਬੜਾ ਅੰਤਰ ਹੈ। ਗੁਰਦੀਖਿਆ ਜ਼ਰੂਰੀ ਹੈ, ਜਦ ਕਿ ਗਹਿਣੇ ਪਾਉਣੇ ਕੋਈ ਜ਼ਰੂਰਤ ਨਹੀਂ ਹੈ। ਦੋਹਾਂ ਵਿੱਚ ਕਿਸੇ ਪ੍ਰਕਾਰ ਦੀ ਤੁਲਨਾ ਕਰਨੀ ਠੀਕ ਨਹੀਂ ਹੈ।

ਖੰਡਾ ਤੇ ਕਿਰਪਾਨ ਦੋਵੇਂ ਹੀ ਸ਼ਸਤਰ ਹਨ। ਖੰਡੇ ਨੂੰ ਪੁਲਿੰਗ ਤੇ ਕਿਰਪਾਨ ਨੂੰ ਇਸਤਰੀ-ਲਿੰਗ ਲਿੱਖਣਾ ਪੰਜਾਬੀ ਜਾਂ ਹਿੰਦੀ ਦੀ ਵਿਆਕਰਣ ਦੀ ਜ਼ਰੂਰਤ ਅਨੁਸਾਰ ਹੀ ਹੈ। ਹਕੀਕਤ ਵਿੱਚ ਨਾ ਤਾਂ ਖੰਡਾ ਪੁਲਿੰਗ ਹੈ ਤੇ ਨਾ ਹੀ ਕਿਰਪਾਨ ਇਸਤਰੀ-ਲਿੰਗ ਹੈ। ਇਸ ਲਈ, ਖੰਡਾ ਤੇ ਕਿਰਪਾਨ ਦੀ ਜੋੜੀ ਦੀ ਗੱਲ ਤਰਕਹੀਣ ਹੈ।

ਅਜਿਹਾ ਕਹਿਣਾ ਪੂਰੀ ਤਰ੍ਹਾਂ ਠੀਕ ਨਹੀਂ ਹੈ ਕਿ ਸਿੰਘ ਆਪਣੇ ਸੀਸ ਤੇ (ਭਾਵ, ਸੀਸ ਉੱਤੇ ਸਜਾਈ ਦਸਤਾਰ ਵਿੱਚ) ਖੰਡਾ ਤੇ ਕਿਰਪਾਨ ਰੱਖਦੇ ਹਨ। ਬਹੁਤ ਘੱਟ ਸਿੰਘ ਹਨ ਜੋ ਅਜਿਹਾ ਕਰਦੇ ਹਨ। ਇਸ ਲਈ ਇਹ ਦਲੀਲ ਇੱਥੇ ਅਣ-ਉਚਿਤ ਹੈ। ਜੇ ਸਿੰਘ ਸਾਹਿਬ ਜੀ ਦੀ ਇਹ ਦਲੀਲ ਮੰਨ ਵੀ ਲਈਏ, ਤਾਂ ਕੁੱਝ ਸਿੰਘਾਂ ਵੱਲੋਂ ਦਸਤਾਰ ਉਤੈ ਚੱਕਰ ਸਜਾਉਣ ਤੋਂ ਕੀ ਭਾਵ ਲਿਆ ਜਾਏਗਾ? ਜੇ ਖੰਡਾ ਤੇ ਕਿਰਪਾਨ ਦੀ ਇਸਤਰੀ ਤੇ ਮਰਦ ਦੀ ਜੋੜੀ ਵਾਂਗੂੰ ਹੀ ਇੱਕ ਜੋੜੀ ਹੈ, ਤਾਂ ਨਾਲ ਸਜਾਇਆ ਗਿਆ ਚੱਕਰ ਕਿਸ ਦਾ ਪ੍ਰਤੀਕ ਮੰਨਿਆ ਜਾਏਗਾ?

ਸਿੰਘ ਸਾਹਿਬ ਜੀ ਨੇ ਰਹਿਤਨਾਮਾ ਭਾਈ ਚਉਪਾ ਸਿੰਘ ਦਾ ਹਵਾਲਾ ਦਿੰਦਿਆਂ ਲਿਖਿਆ ਹੈ : -

> ਖੰਡੇ ਪਾਹੁਲ ਇਸਤ੍ਰੀਆਂ ਨੂੰ ਦੇਨ ਦੀ ਨਵੀਨ ਕਲਪਨਾ ਕਰਨੀ ਕੇਵਲ ਯੁਕਤੀ ਦੇ ਪ੍ਰਮਾਨ ਕਰਹੀ ਤਥਾ ਪੰਥ ਦੀ ਪ੍ਰਪਾਟੀ ਦੇ ਵਿਰੁਧ ਹੋਨੇ ਤੇ ਹੀ ਪਾਪ ਨਹੀਂ ਹੈ, ਸਗੋਂ ਸ੍ਰੀ ਗੁਰੂ ਜੀ ਵਲੋਂ ਖ਼ਾਸ ਮਨਾਹੀ ਹੈ, ਅ੍ਥਾਤ ਜੋ ਇਸਤ੍ਰੀਆਂ ਨੂੰ ਖੰਡੇ ਪਾਹੁਲ ਦੇਵੇ, ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਤਨਖਾਹੀਆ ਲਿਖਾ ਹੈ ।

'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਮਗਰਲੇ ਲਿਖਾਰੀਆਂ ਵੱਲੋਂ ਫੇਰ-ਬਦਲ ਕੀਤੇ ਗਏ ਹਨ। ਕੁੱਝ ਲੋਕਾਂ ਨੇ 'ਰਹਿਤਨਾਮਾ ਭਾਈ ਚਉਪਾ ਸਿੰਘ' ਦੇ ਹਵਾਲੇ ਨਾਲ ਕਿਹਾ ਹੈ ਕਿ ਜੋ ਸਿੱਖ ਇਸਤਰੀਆਂ ਨੂੰ ਖੰਡੇ ਦੀ

ਪਾਹੁਲ ਦਏ, ਉਹ ਤਨਖਾਹੀਆ ਹੈ, ਜਦ ਕਿ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੇ ਇਸੇ ਰਹਿਤਨਾਮੇ ਦਾ ਹਵਾਲਾ ਦਿੰਦਿਆਂ ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਏ ਜਾਣ ਦੀ ਹਮਾਇਤ ਕੀਤੀ ਹੈ [5]। ਪ੍ਰੋ. ਪਿਆਰਾ ਸਿੰਘ 'ਪਦਮ' ਆਪਣੀ ਪੁਸਤਕ 'ਰਹਿਤਨਾਮੇ' ਵਿੱਚ ਇਸ ਰਹਿਤਨਾਮੇ ਦਾ ਇਹ ਪੰਕਤੀਆਂ ਇਸ ਪ੍ਰਕਾਰ ਦਿੰਦੇ ਹਨ, "ਗੁਰੂ ਕਾ ਸਿਖ ਸ਼ਰਾਬ ਨ ਪੀਵੈ । ਸਾਖ ਗ੍ਰੰਥ ਸਾਹਿਬ ਜੀ ਦੀ, "ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰਿ ਵਸਾਇ ॥" (ਸਲੋਕ ਮਹਲਾ ੩, ਬਿਹਾਗੜੇ ਕੀ ਵਾਰ, ਪੰਨਾ ੫੫੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)। ਜਦਕਿ 'ਸਰਦਾਰ ਬਹਾਦੁਰ' ਕਾਨ੍ਹ ਸਿੰਘ ਨਾਭਾ ਆਪਣੀ ਪੁਸਤਕ 'ਗੁਰੁਮਤ ਮਾਰਤੰਡ' ਵਿੱਚ ਇਸ ਰਹਿਤਨਾਮੇ ਦਾ ਪਾਠਾਂਤਰ ਇਸ ਪ੍ਰਕਾਰ ਦਿੰਦੇ ਹਨ, "ਗੁਰੂ ਕਾ ਸਿੱਖ ਸ਼ਰਾਬ ਕਬੀ ਨ ਪੀਵੇ, ਸਾਖ 'ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ' । (ਸਲੋਕ ਮਹਲਾ ੩, ਬਿਹਾਗੜੇ ਕੀ ਵਾਰ, ਪੰਨਾ ੫੫੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) । ਦੋਵੇਂ ਪੰਕਤੀਆਂ ਇੱਕ ਹੀ ਸਲੋਕ ਵਿੱਚੋਂ ਹਨ। ਇਹ ਇੱਕ ਉਦਾਹਰਣ ਹੈ, ਜਿਸ ਤੋਂ ਸੰਕੇਤ ਮਿਲਦਾ ਹੈ ਕਿ 'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਫੇਰ-ਬਦਲ ਕੀਤੇ ਗਏ ਹਨ ।

ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਿਤ ਪੁਸਤਕ 'ਰਹਿਤਨਾਮੇ' ਵਿੱਚ ਸੰਬੰਧਿਤ ਪੰਕਤੀਆਂ ਇਸ ਪ੍ਰਕਾਰ ਹਨ, "ਜੋ ਸਿਖ ਸਿਖਣੀ ਨੂੰ ਖੰਡੇ ਦੀ ਪਾਹੁਲ ਨਾ ਦੇਵੇ, ਸੋ ਤਨਖਾਹੀਆ" ।

ਸਿੰਘ ਸਾਹਿਬ ਜੀ ਨੇ ਵਿਅੰਗ ਕਰਦਿਆਂ ਲਿੱਖਿਆ ਹੈ : -

> ਇਤਨੀ ਡਾਢੀ ਸਖ਼ਤ ਮਨਾਹੀ ਹੋਨ ਕਰ ਜੋ ਕਿ ਇਸਤ੍ਰੀਆਂ ਨੂੰ ਖੰਡੇ ਦੇ ਅਮ੍ਰਤ ਦੀ ਪਾਹੁਲ ਹੋਨ ਪ੍ਰ ਹਠ ਕਰੇ, ਜੋ ਕੇਵਲ ਮਨਮਤ ਦਾ ਨਿਰਾਰਥਕ ਅਤੇ ਮ੍ਰਿਜਾਦਾ ਭੰਗ ਕਰਕੇ ਫਸਾਦ ਪਾਉਨ ਦਾ ਖੋਟਾ ਹਠ ਹੈ । ਉਸ ਨੂੰ ਚਾਹੀਦਾ ਹੈ ਕਿ ਕਰਤਾਰ ਸਿਰਜਨਹਾਰ ਅਗੇ ਬੇਨਤੀ ਕਰ ਕੇ ਉਸ ਇਸਤ੍ਰੀ ਨੂੰ ਪੁਰਸ਼ ਬਨਾਏ ਦੇਵੇ, ਜੋ ਖੰਡੇ ਦੇ ਅੰਮ੍ਰਤ ਦਾ ਅਧਿਕਾਰ ਪ੍ਰਾਪਤ ਕਰੇ । ਜੇ ਕਰ ਖੰਡੇ ਦੀ ਪਾਹੁਲ ਲੈ ਕਰ ਮੁੜ ਓਹ ਇਸਤ੍ਰੀ ਦੀ ਇਸਤ੍ਰੀ ਹੀ ਰਹੇ, ਪਤੀ ਦੀ ਪਤਨੀ ਕਹਿਲਾਇ, ਪੁਰਸ਼ ਨਾਲ ਸੰਸਰਗ ਕਰਕੇ ਗ੍ਰਭ ਧਾਰਨ ਕਰੇ, ਪ੍ਰਸੂਤ ਹੋਵੇ, ਇਸਤ੍ਰੀਆਂ ਦਾ ਬਾਣਾ ਰਖੇ, ਸ਼ਿੰਗਾਰ ਕਰੇ, ਇਸਤ੍ਰੀਆਂ ਦੇ ਗੁਣ ਕਰਮ ਸੁਭਾਉ ਹੋਨ ਇਤਆਦਿਕ ਧਾਰਨ ਰਖੇ, ਤਾਂ ਉਸ ਨੂੰ ਖੰਡੇ ਦੇ ਅੰਮ੍ਰਤ ਨੂੰ ਦੇਖਵਾਉਨ ਤੋਂ ਬਿਨ੍ਹਾਂ ਹੋਰ ਕੀ ਕੀਤਾ ?

ਜਿੱਥੋਂ ਤਕ ਇਸਤਰੀ ਨੂੰ ਮਰਦ ਬਣਾਉਣ ਲਈ ਪਰਮਾਤਮਾ ਅੱਗੇ ਬੇਨਤੀ ਕਰਨ ਦੀ ਗੱਲ ਹੈ, ਇਸ ਦੀ ਕੋਈ ਜ਼ਰੂਰਤ ਨਹੀਂ ਹੈ । ਇਸਤਰੀ ਤੇ ਮਰਦ ਦੋਵੇਂ ਹੀ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ । ਅਜੋਕੇ ਸਮੇਂ ਵਿੱਚ ਅਜਿਹੀਆਂ ਅਨੇਕ ਉਦਾਹਰਣਾਂ ਮੌਜੂਦ ਹਨ, ਜਦੋਂ ਡਾਕਟਰਾਂ ਨੇ ਇਸਤਰੀ ਨੂੰ ਮਰਦ ਤੇ ਮਰਦ ਨੂੰ ਇਸਤਰੀ

---

[5] ਦੇਖੋ, 'ਖ਼ਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ', ਪੰਨਾ ੧੮੦ ।

ਬਣਾ ਦਿੱਤਾ । ਜੇ ਇੱਕ ਡਾਕਟਰ ਅਜਿਹਾ ਕਰ ਸਕਦਾ ਹੈ, ਤਾਂ ਪਰਮਾਤਮਾ ਲਈ ਅਜਿਹਾ ਕਰਨਾ ਇੱਕ ਖੇਡ ਹੀ ਹੈ । ਗੁਰਬਾਣੀ ਵੀ ਆਖਦੀ ਹੈ : -

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥ [੬]

ਸਿੰਘ ਸਾਹਿਬ ਜੀ ਦੇ ਇਸ ਵਿਅੰਗ ਤੋਂ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਕੋਈ ਇਸਤਰੀ ਖੰਡੇ ਦਾ ਅੰਮ੍ਰਿਤ ਇਸ ਲਈ ਛੱਕਦੀ ਹੈ ਕਿ ਉਹ ਮਰਦ ਬਣ ਜਾਏ? ਜੇ ਖੰਡੇ ਦਾ ਅੰਮ੍ਰਿਤ ਛੱਕਣ ਦਾ ਉਦੇਸ਼ ਮਰਦ ਬਣਨਾ ਹੀ ਹੁੰਦਾ, ਤਾਂ ਕੋਈ ਮਰਦ ਖੰਡੇ ਦਾ ਅੰਮ੍ਰਿਤ ਕਿਉਂ ਛੱਕਦਾ ? ਉਹ ਤਾਂ ਪਹਿਲਾਂ ਹੀ ਮਰਦ ਹੈ । ਜੇ ਇੱਕ ਮਰਦ ਖੰਡੇ ਦਾ ਅੰਮ੍ਰਿਤ ਛੱਕ ਕੇ ਮਰਦ ਹੀ ਰਹਿੰਦਾ ਹੈ, ਇਸਤਰੀ ਨਹੀਂ ਬਣਦਾ; ਤਾਂ ਫਿਰ ਇੱਕ ਇਸਤਰੀ ਖੰਡੇ ਦਾ ਅੰਮ੍ਰਿਤ ਛੱਕ ਕੇ ਮਰਦ ਕਿਵੇਂ ਬਣ ਸਕਦੀ ਹੈ ?

ਅੰਮ੍ਰਿਤ ਛੱਕਣ ਤੋਂ ਬਾਅਦ ਇਸਤਰੀ ਵੀ ਉਵੇਂ ਹੀ ਇਸਤਰੀ ਰਹਿੰਦੀ ਹੈ, ਜਿਵੇਂ ਮਰਦ ਅੰਮ੍ਰਿਤ ਛੱਕਣ ਤੋਂ ਬਾਅਦ ਵੀ ਮਰਦ ਹੀ ਰਹਿੰਦਾ ਹੈ । ਅੰਮ੍ਰਿਤ ਛੱਕਣ ਤੋਂ ਬਾਅਦ ਵੀ ਇਸਤਰੀ ਆਪਣੇ ਪਤੀ ਦੀ ਪਤਨੀ ਰਹਿੰਦੀ ਹੈ ਤੇ ਪਤੀ ਆਪਣੀ ਪਤਨੀ ਦਾ ਪਤੀ ਰਹਿੰਦਾ ਹੈ । ਦੋਵੇਂ ਅੰਮ੍ਰਿਤ ਛੱਕਣ ਤੋਂ ਬਾਅਦ ਮਾਤਾ-ਪਿਤਾ ਦੀਆਂ ਉਹ ਹੀ ਜ਼ਿੰਮੇਵਾਰੀਆਂ ਨਿਭਾਉਂਦੇ ਹਨ, ਜੋ ਹੋਰਨਾਂ ਮਜ਼ਹਬਾਂ ਨੂੰ ਮੰਨਣ ਵਾਲੇ ਨਿਭਾਉਂਦੇ ਹਨ ।

ਮੈਂਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਸਾਹਿਬ ਜੀ ਅਜਿਹਾ ਵਿਅੰਗ ਆਪਣੀ ਪੁਸਤਕ ਵਿੱਚ ਕਿਵੇਂ ਸ਼ਾਮਿਲ ਕਰ ਗਏ ?

ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਵਿਰੋਧਤਾ ਵਿੱਚ ਇਸੇ ਪੁਸਤਕ ਵਿੱਚ ਅੱਗੇ ਲਿੱਖਿਆ ਹੈ : -

> ਸਿਧਾਂਤਸਾਰ ਏਹ ਕਿ ਗੁਰਮਤ ਵਿਚ ਜੋ ਪੰਜ ਪ੍ਰਕਾਰ ਦਾ ਅੰਮ੍ਰਤ ਹੈ, ਉਨ੍ਹਾਂ ਵਿਚੋਂ ਚਾਰ ਪ੍ਰਕਾਰ ਦੇ ਅਮ੍ਰਤ ਇਸਤ੍ਰੀਆਂ ਨੂੰ ਪ੍ਰਵਾਨ ਹਨ । ਨਿਸੰਗ ਹੋਕਰ ਛਕਾਵਨੇ ਵਾਲੇ ਛਕਾਉਣ ਅਤੇ ਛਕਨ ਵਾਲੀਆਂ ਛਕਨ, ਪ੍ਰ ਕੇਵਲ ਇਕ ਖੰਡੇ ਦੇ ਅਮ੍ਰਤ ਦਾ ਹੀ ਅਧਿਕਾਰ ਨਹੀਂ ਹੈ । ਜੋ ਕੇਵਲ ਮਰਦਾਂ ਦੇ ਹਿਸੇ ਦਾ ਹੀ ਪਦਾਰਥ ਹੈ । ਤਾਂ ਤੇ, ਜੋ ਕੋਈ ਇਸਤ੍ਰੀਆਂ ਨੂੰ ਪੁਰਸ਼ਾਂ ਦੇ ਨਾਲ ਸਾਰੇ ਅਧਿਕਾਰ ਬ੍ਰਾਬ੍ਰ ਦੇਨ ਦਾ ਹਠ ਕਰੇ, ਓਹ ਸ੍ਰੀ ਗੁਰੂ ਕਲਗੀਧਰ ਦਸ਼ਮੇਸ਼ ਪਾਤਸ਼ਾਹ ਜੀ ਮਹਾਰਾਜ ਦੇ ਉਸ ਪ੍ਰਸੰਗ ਨੂੰ ਯਾਦ ਕਰੇ, ਜਿਸ ਵਿਚ ਮਹਾਰਾਜ ਜੀ ਨੇ ਪੁਛਿਆ ਸੀ ਕਿ ਕੋਈ ਐਸੀ ਮਾਈ ਹੈ, ਜਿਸ ਨੇ ਮਰਦ ਦਾ ਮੂੰਹ ਨਾ ਫਿਟਕਾਰਿਆ ਹੋਵੇ, ਤਾਂ ਇਕ ਮਾਈ ਮੇ ਇਕਰਾਰ ਕਰ

[੬] ਸਾਰੰਗ, ਕਬੀਰ ਜੀ, ਪੰਨਾ ੧੨੫੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

> ਕੇ ਅਪਨੇ ਘਰ ਦਾ ਪ੍ਰਸੰਗ ਸੁਨਾਇਆ ਸੀ, ਜਿਸ ਤੋਂ ਤ੍ਰੀਮਤ ਦੇ ਮੁਕਾਬਲੇ ਪ੍ਰ ਮਰਦ ਦੀ ਕਦਰ ਪੈਹਿਚਾਨ ਦਾ ਸਿਟਾ ਨਿਕਲਿਆ ਸੀ। ਹੋਰ ਏਹ ਭੀ ਸਮਝੇ ਕਿ ਜੋ ਖੰਡੇ ਦਾ ਅਮ੍ਰਤ ਛਕੇ, ਉਸ ਨੂੰ ਅਗੇ ਅਮ੍ਰਤ ਸਜਾਉਨ ਅਤੇ ਛਕਾਉਨ ਦਾ ਅਧਿਕਾਰ ਹੁੰਦਾ ਹੈ । ਜੋ ਕਦੀ ਏਹ ਅਧਿਕਾਰ ਇਸਤ੍ਰੀ ਨੂੰ ਨਹੀਂ ਦਿਤਾ ਗਇਯਾ ਕਿ ਪੁਰਖਿਆਂ ਨੂੰ ਇਸਤ੍ਰੀ ਅੰਮ੍ਰਤ ਛਕਾਏ ਅਥਵਾ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਕੀਤੀ ਜਾਏ ।

ਇਸਤਰੀ ਵੱਲੋਂ ਮਰਦ ਦਾ ਮੂੰਹ ਨਾ ਫਿਟਕਾਰਨ ਤੋਂ ਇਹ ਭਾਵ ਤਾਂ ਨਿਕਲ ਹੀ ਨਹੀਂ ਸਕਦਾ ਕਿ ਇਸਤਰੀ ਨਾਲੋਂ ਮਰਦ ਉੱਤਮ ਹੈ। ਇਹ ਤਾਂ ਸਗੋਂ ਉਸ ਇਸਤਰੀ ਦੀ ਉੱਤਮਤਾ ਵੱਲ ਹੀ ਸੰਕੇਤ ਕਰਦਾ ਹੈ, ਜੋ ਆਪਣਾ-ਆਪ ਨਾ ਜਣਾ ਕੇ ਨਿਮਰਤਾ ਧਾਰਣ ਕਰਦੀ ਹੈ।

ਅੰਮ੍ਰਿਤਧਾਰੀ ਇਸਤਰੀਆਂ ਵੱਲੋਂ ਪੰਜ ਪਿਆਰਿਆਂ ਵਿੱਚ ਸ਼ਾਮਿਲ ਹੋਣ ਦੀ ਕੋਈ ਮਨਾਹੀ ਨਹੀਂ ਹੈ। 'ਸਿੱਖ ਰਹਿਤ ਮਰਯਾਦਾ' ਅਨੁਸਾਰ ਅੰਮ੍ਰਿਤਧਾਰੀ ਇਸਤਰੀਆਂ ਪੰਜ ਪਿਆਰਿਆਂ ਵਿੱਚ ਸ਼ਾਮਿਲ ਹੋ ਸਕਦੀਆਂ ਹਨ। ਸਿੰਘ ਸਾਹਿਬ ਜੀ ਦਾ ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ ਇਸਤਰੀ ਨੂੰ ਪੰਜ ਪਿਆਰਿਆਂ ਵਿੱਚ ਸ਼ਾਮਿਲ ਹੋਣ ਦਾ ਅਧਿਕਾਰ ਨਹੀਂ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ਸਿਖ ਧਰਮ, ਖ਼ਾਲਸਾ ਪੰਥ ਵਿਚ ਇਸਤ੍ਰੀਆਂ ਨੂੰ ਪੁਰਸ਼ਾਂ ਦੇ ਹੋਰ ਸਭਨਾਂ ਗਲਾਂ ਵਿਚ ਅਧਿਕਾਰ ਬ੍ਰਾਬ੍ਰ ਹੈ, ਕੇਵਲ ਖੰਡੇ ਪਾਹੁਲ ਵਿਚ ਇਸਤ੍ਰੀਆਂ ਨੂੰ ਪੁਰਸ਼ਾਂ ਨਾਲੋਂ ਅਧਾ ਅਧਿਕਾਰ ਹੈ । ਨਹੀਂ ਤਾਂ, ਅੰਗ੍ਰੇਜ਼ਾਂ ਦੀਆਂ ਵਲਾਇਤਾਂ ਵਿਚ ਜਿਥੇ ਇਸਤ੍ਰੀ ਨੂੰ ਪੁਰਸ਼ਾਂ ਦਾ ਸਜਾ ਅੰਗ ਮੰਨਿਆ ਹੈ, ਅਨੇਕ ਬਾਤਾਂ ਵਿਚ ਮਰਦ ਦੇ ਬ੍ਰੋਬ੍ਰੀ[੭] ਦਾ ਅਧਿਕਾਰ ਨਹੀਂ ।

ਖੰਡੇ ਦੀ ਪਾਹੁਲ ਖ਼ਾਲਸਾ ਮਤਿ ਦੀ ਗੁਰਦੀਖਿਆ ਦੇਣ ਦੀ ਇੱਕ ਵਿਧੀ ਹੈ, ਜੋ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਸ਼ੁਰੂ ਕੀਤੀ ਗਈ। ਉਸ ਤੋਂ ਪਹਿਲਾਂ ਗੁਰਦੀਖਿਆ ਲਈ ਵੱਖਰੀ ਵਿਧੀ ਪ੍ਰਚੱਲਿਤ ਸੀ। ਇਸਤਰੀ ਤੇ ਪੁਰਖ, ਦੋਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰਦੀਖਿਆ ਦਿੱਤੀ ਜਾਂਦੀ ਰਹੀ ਹੈ, ਪਰ ਕਿਤੇ ਵੀ ਇਹ ਜ਼ਿਕਰ ਨਹੀਂ ਮਿਲਦਾ ਕਿ ਇਸਤਰੀਆਂ ਤੇ ਪੁਰਖਾਂ ਲਈ ਵੱਖੋ-ਵੱਖਰੀਆਂ ਗੁਰਦੀਖਿਆ ਵਿਧੀਆਂ ਪ੍ਰਚੱਲਿਤ ਸਨ।

[੭] ਬਰਾਬਰੀ।

ਵਲਾਇਤ ਵਿੱਚ ਹੋਰਨਾਂ ਮਤਾਂ ਵਾਲੇ ਕੀ ਕਰਦੇ ਹਨ, ਇਸ ਨਾਲ ਸਾਡਾ ਕੋਈ ਵੀ ਸੰਬੰਧ ਨਹੀਂ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ਸ਼ੰਕਾਵਾਦੀ ਸਜਨੋ, ਤਖ਼ਤ ਸਾਹਿਬ ਤੇ ਮਾਈਆਂ ਨੂੰ ਕਿਰਪਾਨ ਦੇ ਅਮ੍ਰਤ ਦੀ ਮ੍ਰਿਜਾਦਾ ਰਖੀ ਗਈ ਹੈ। ਏਹ ਸਾਰੇ ਪੰਥ ਵਿਚ ਪਰਚਲਤ ਸੀ, ਪ੍ਰ ਸਮੇਂ ਦੇ ਪ੍ਰਭਾਉ ਕਰ ਹਟਦੀ ਹਟਦੀ ਸ੍ਰੀ ਤਖ਼ਤ ਹਜ਼ੂਰ ਸਾਹਿਬ ਔਰ ਕਈ ਖ਼ਾਸ ਗੁਰ ਅਸਥਾਨਾਂ ਪ੍ਰ ਰਹਿ ਗਈ ਹੈ। ਅਗ੍ਰ ਏਹ ਪਹਿਲੇ ਮ੍ਰਿਜਾਦਾ ਪ੍ਰਚਲਤ ਨਾ ਹੁੰਦੀ, ਤਾਂ ਖ਼ਾਲਸਾ ਧਰਮ ਸ਼ਾਸ਼ਤ੍ਰ ਦੇ ਕਰਤਾ ਨੇ ਸਫ਼ਾ ੧੪੫ ਤੇ ਇਸਤ੍ਰੀਆਂ ਨੂੰ ਪਾਹੁਲ ਦੇਨ ਦੀ ਵਿਧੀ ਵਿਚ ਕਿਰਪਾਨ ਦਾ ਜ਼ਿਕਰ ਨਾ ਕਰਦੇ।

ਸਿੰਘ ਸਾਹਿਬ ਜੀ ਵੱਲੋਂ ਵਾਰ-ਵਾਰ 'ਖ਼ਾਲਸਾ ਧਰਮ ਸ਼ਾਸਤ੍ਰ' ਦਾ ਹੀ ਹਵਾਲਾ ਦਿੱਤਾ ਗਿਆ ਹੈ, ਜੋ ਕੋਈ ਪੁਰਾਤਨ ਪੁਸਤਕ ਨਹੀਂ ਹੈ। ਕਿਸੀ ਰੀਤੀ ਦਾ ਕਿਸੀ ਨਵੀਨ ਪੁਸਤਕ ਵਿੱਚ ਦਰਜ ਹੋਣਾ ਉਸ ਦੀ ਪੁਰਾਤਨਤਾ ਦਾ ਪ੍ਰਮਾਣ ਨਹੀਂ ਬਣ ਜਾਂਦਾ।

ਪੁਸਤਕ 'ਖ਼ਾਲਸਾ ਧਰਮ ਸ਼ਾਸਤ੍ਰ' ਦੇ ਹਵਾਲੇ ਨਾਲ ਸਿੰਘ ਸਾਹਿਬ ਜੀ ਨੇ ਇਸਤਰੀਆਂ ਲਈ ਕਿਰਪਾਨ ਦਾ ਅੰਮ੍ਰਿਤ ਤਿਆਰ ਕਰਨ ਤੇ ਛਕਾਉਣ ਦੀ ਵਿਧੀ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ : -

> ਕਿਸੀ ਇਸਤ੍ਰੀ ਨੂੰ ਇਸਤ੍ਰੀਆਂ ਲਈ ਭੀ ਅੰਮ੍ਰਤ ਸਜਾਉਨ ਤਥਾ ਪਾਹੁਲ ਦੇਨ ਦਾ ਅਧਿਕਾਰ ਨਹੀਂ ਹੈ ਔਰ ਨਾ ਹੋ ਸਕਦਾ ਹੈ। ਜੇਕਰ ਕਿਸੀ ਮਾਈ ਦੇ ਦੁਵਾਰੇ ਤੋਂ ਮਾਈਆਂ ਨੂੰ ਪਾਹੁਲ ਲੈਨੀ ਹੋਵੈ, ਤਦ ਭੀ ਪੁਰਖ ਸਿੰਘ ਹੀ ਅਮ੍ਰਤ ਸਜਾਇ ਕਰ ਪਾਹੁਲ ਦੇਵੇਗਾ। ਅੰਮ੍ਰਤ ਦੀ ਪਾਹੁਲ ਲੈਨ ਵਾਲੀ ਸੰਗਤ ਵਿਚ ਮੇਵੜ ਦੇ ਰਾਹੀਂ ਅਰਜ਼ ਕਰੇਗੀ, ਤਾਂ ਮਨਜ਼ੂਰ ਹੋਨੇ ਪ੍ਰ ਅੰਮ੍ਰਤ ਸਜਾਉਨ ਦਾ ਹੁਕਮ ਹੋਵੇਗਾ। ਤਿਆਰ ਪ੍ਰ ਤਿਆਰ ਸਿੰਘ ਸਰਬਲੋਹ ਦਾ ਬਾਟਾ ਲੈ ਸੁਚੇਤ ਹੋ ਸੁਚਾ ਜਲ ਪਾਏ, ਮਿਸ਼ਟਾਨ ਪਾਏਗਾ, ਕਿਰਪਾਨ ਦੇ ਨਾਲ ਅਮ੍ਰਤ ਸਜਾਏਗਾ। ਜਪੁ ਸਾਹਿਬ ਅਤੇ ਆਦਿ ਅੰਤ ਜਾਪੁ ਸਾਹਿਬ ਦੇ ਅਤੇ ਅਨੰਦ ਸਾਹਿਬ ਦੇ ਛੇ ਪਉੜੀਆਂ ਦਾ ਪਾਠ ਕਰ ਕੇ ਅੰਮ੍ਰਤ ਸਜੇਗਾ । ਪਾਠ ਸਮਾਪਤ ਕਰਕੇ ਅ੍ਰਦਾਸਾ ਸੋਧੇਗਾ। ਆਗਿਯਾ ਪਾਇ ਕਰ ਪਾਹੁਲ ਦੇਨ ਵਾਲਾ ਆਦਿ ਪਉੜੀ ਦਾ ਮੰਤ੍ਰ ਪੜ੍ਹ ਕਰਕੇ ਕਰਾਏਗਾ। ਪੰਜ ਚੁਲੇ ਹੱਥ ਪ੍ਰ ਦੇਕਰ ਕਹੇਗਾ, 'ਬੋਲੋ ਸ੍ਰੀ ਵਾਹਿਗੁਰੂ ਜੀ'। ਓਹ ਚੁਲੇ ਛਕ ਕੇ ਸ੍ਰੀ ਵਾਹਿਗੁਰੂ ਬੋਲਦੀ ਜਾਏਗੀ। ਪੰਜ ਚੁਲੇ ਕਪੜੇ ਦੇ

> ਉਪ੍ ਤੋਂ ਹੀ ਕੇਸੀ ਚੜ੍ਹਾਇਗਾ । ਉਸੀ ਪ੍ਰਕਾਰ ਸ੍ਰੀ ਵਾਹਿਗੁਰੂ ਜੀ ਦਾ ਬੋਲੀਆ ਬੋਲਾਏਗਾ । ਉਪ੍ਰੰਤ ਬਾਟਾ ਛਕਨ ਵਾਲੀ ਦੇ ਹਥ ਦੇਵੇਗਾ ਤੇ ਕਹੇਗਾ ਪੰਜ ਵੇਰ ਸ੍ਰੀ ਵਾਹਿਗੁਰੂ ਜੀ ਬੋਲ ਕਰ ਨੇਤ੍ਰੀਂ ਲਾਏ ਅਤੇ ਵਧਦਾ ਅੰਮ੍ਰਤ ਛਕ ਲੈ । ਜੇ ਛਕਨ ਵਾਲੀਆਂ ਬਹੁਤੀਆਂ ਹੋਣ, ਤਾਂ ਇਕ ਸਿਰ ਚੁਲੇ ਛਕਾਉਂਦਾ ਦੂਜੇ ਸਿਰੇ ਪਹੁੰਚੇ । ਦੂਜੇ ਗੇੜ ਸਿਰ ਤੋਂ ਕੇਸੀਂ ਚੜ੍ਹਾਉਂਦਾ ਅਤੇ ਨੇਤ੍ਰੀਂ ਲਿਆਂਵਦਾ ਆਵੈ । ਤੀਜੇ ਗੇੜ ਦੁਵਲੀ ਬਾਟੇ ਤੋਂ ਘੁਟੀ-ਘੁਟੀ ਪਿਲਾਉਨ ਦਾ ਨੇਮ ਪੂਰਾ ਕਰਨਾ । ਫਿਰ ਦਸ ਆਨੇ ਪਿਚਲੀ ਤਨਖਾਹ, ਦਸ ਆਨੇ ਗੁਰੂ ਜੀ ਕੀ ਗੋਲਕ (੨੧) ਰੁਪਯਾ ਦਾ ਕੜ੍ਹਾਹ ਪ੍ਰਸਾਦਿ ਦੇਵੇਗੀ । ਮਾਈ ਦੇ ਜਾਮੇ ਨੂੰ ਪੁਰਸ਼ਾਂ ਤੋਂ ਤਨਖਾਹ ਆਧੀ ਲੈਨ ਦੀ ਮ੍ਰਿਜਾਦਾ ਹੈ । ਫਿਰ ਰਹਿਤ ਦਸ ਕੇ ਅ੍ਰਦਾਸਾ ਸੋਧਨਾ ਤੇ ਕੜਾਹ ਪ੍ਰਸਾਦਿ ਤ੍ਰੇ ਤ੍ਰੀ ਬਾਟੇ ਵਿਚ ਪਾਏ ਦੇਨਾ । ਸਾਰੇ ਭੈਣਾਂ ਰਲ ਮਿਲ ਕੇ ਗਫੇ ਲਾਉਣ ।

ਅਜਿਹਾ ਨਹੀਂ ਹੈ ਕਿ ਤਖ਼ਤ ਸਾਹਿਬ ਜੀ ਦੇ ਪੰਜ ਪਿਆਰਿਆਂ ਵਿੱਚ ਕਿਰਪਾਨ ਦੇ ਅੰਮ੍ਰਿਤ ਬਾਰੇ ਕੋਈ ਮੱਤਭੇਦ ਨਾ ਰਹੇ ਹੋਣ । ਖ਼ੁਦ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਮੀਤ ਜੱਥੇਦਾਰ ਜੀ ਦੇ ਇੱਕ ਲੇਖ ਦਾ ਵਰਣਨ ਕੀਤਾ ਹੈ, ਜੋ ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਹਮਾਇਤ ਕਰਦਾ ਸੀ : -

> ਏਕ ਵੇਰਾਂ ਸਚਖੰਡ ਸੰਦੇਸ਼ ਪ੍ਰਚੇ ਦੇ ਲੇਖ ਖੰਡੇ ਦੇ ਅੰਮ੍ਰਤ ਛਕਾਉਣ ਬਾਰੇ ਆਇਆ ਸੀ । ਜਿਸ ਦੇ ਉਤੇ ਕੁਛ ਵੀਚਾਰ ਸੰਗ੍ਰਹਿ ਕੀਤੇ ਗਏ ਸਨ । ਜੋ ਇਥੇ ਸੰਗਤ ਦੀ ਗਿਆਤ ਲਈ ਦਰਜ ਕੀਤੇ ਜਾਂਦੇ ਹਨ । ਨਕਲ : - ਸਚਖੰਡ ਸੰਦੇਸ਼ ਦਾ ਲੇਖ । ਮਾਈਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਓ । ਸ੍ਰੀ ਤਖ਼ਤ ਸਚਖੰਡ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਤ੍ਰਫ਼ੋਂ ਇਕ ਲੇਖ ਮਾਈਆਂ ਨੂੰ ਖੰਡੇ ਦਾ ਅੰਮ੍ਰਤ ਛਕਾਲ ਬਾਰੇ ਸਚਖੰਡ ਸੰਦੇਸ, ਤਾਰੀਖ਼ ੧੯੬੭, ਜਿਸ ਦੇ ਉਤੇ ਜ਼ੋਰ ਦਿਤਾ ਗਿਆਂ ਸੀ । ਸ਼ੀਘ੍ਰ ਹੀ ਪੰਜ ਪਿਆਰੇ ਦੀ ਮੀਟਿੰਗ ਬੁਲਾ ਕੇ ਲਿਆ ਜਾਏ । ਉਸ ਮੇਂ ਟਾਲਮਟੋਲ ਨਹੀਂ ਕਰਨਾ ਚਾਹੀਏ । ਏਹ ਪੜ੍ਹ ਕਰ ਵੀਚਾਰ ਹੂਈ ਕਿ ਪਹਿਲੇ ਇਸ ਪ੍ਰ ਏਕਾਂਤ ਮੇਂ ਵੀਚਾਰ ਕੀ ਜਾਏ ।

ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਏ ਜਾਣ ਦੇ ਵਿਰੁੱਧ ਜੋ ਪ੍ਰਸ਼ਨ ਕੀਤੇ ਹਨ, ਅਸੀਂ ਇੱਕ-ਇੱਕ ਕਰਕੇ ਉਨ੍ਹਾਂ ਦੀ ਵੀਚਾਰ ਕਰੀਏ : -

> ੧). ਸ੍ਰੀਮਾਨ ਜੀਓ, ਖੰਡੇ ਦਾ ਅੰਮ੍ਰਤ ਛਕੇ ਵਾਲੀ ਮਾਈ ਕੋ, ਜਹਾਂ ਆਪ ਖੜੇ ਹੋਤੇ ਹੋ, ਚੌਰ ਕਰਤੇ ਹੋ, ਦਰਵਾਜ਼ੇ ਕੇ ਸਾਮਨੇ, ਵਹਾਂ ਪ੍ਰ ਮਾਈ ਕੋ ਮਥਾ ਟੇਕਨੇ ਕੀ ਇਜਾਜ਼ਤ ਦੇਇੰਗੇ ?

ਕੋਈ ਵੀ ਅੰਮ੍ਰਿਤਧਾਰੀ ਇਸਤਰੀ ਅਜਿਹਾ ਕਰਨ ਦਾ ਹੱਕ ਰੱਖਦੀ ਹੈ। ਅੰਮ੍ਰਿਤਧਾਰੀ ਇਸਤਰੀ ਵੱਲੋਂ ਅਜਿਹਾ ਕਰਨ ਵਿੱਚ ਕੁੱਝ ਵੀ ਗ਼ਲਤ ਨਹੀਂ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੨). ਅਗ੍ਰ ਪੰਥ ਏਹ ਪ੍ਰਵਾਨ ਕਰੇਗਾ ਕਿਯਾ, ਸ੍ਰੀ ਤਖ਼ਤ ਸਾਹਿਬ ਕੇ ਜੰਗਲੇ ਕੇ ਅੰਦਰ ਖੰਡੇ ਕਾ ਅੰਮ੍ਰਤ ਛਕੇ ਵਾਲੀ ਮਾਈ ਸ੍ਰੀ ਗੁਰੂ ਗ੍ਰਿੰਥ ਸਾਹਿਬ ਮਹਾਰਾਜ ਜੀ ਦਾ ਮੁਖਵਾਕ ਅੰਦ੍ਰ ਆਏ ਗ੍ਰਿੰਥ ਸਾਹਿਬ ਜੀ ਜਗ੍ਹਾ ਇਨ ਕੋ ਲੈਨ ਦੇਨਗੇ ਕਿਆ ?

ਸਿੱਖ ਇਸਤਰੀ ਨੂੰ ਸੰਗਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈਣ, ਪਾਠ ਕਰਨ, ਕੀਰਤਨ ਕਰਨ ਦਾ ਹੱਕ ਹੈ। ਸਿੱਖ ਇਸਤਰੀਆਂ ਅਜਿਹਾ ਕਰ ਵੀ ਰਹੀਆਂ ਹਨ। ਜੇ ਹੋਰਨਾਂ ਥਾਵਾਂ ਉੱਤੇ ਉਹ ਅਜਿਹਾ ਕਰ ਸਕਦੀਆਂ ਹਨ, ਤਾਂ ਤਖ਼ਤ ਸਾਹਿਬ ਵਿਖੇ ਇਸਤਰੀਆਂ ਨੂੰ ਹੁਕਮਨਾਮਾ ਲੈਣ ਆਦਿ ਤੋਂ ਮਨ੍ਹਾ ਕਰਨਾ ਤਰਕਸੰਗਤ ਨਹੀਂ ਹੈ।



ਇੱਕ ਸਿੱਖ ਇਸਤਰੀ ਗੁਰਦੁਆਰਾ ਸਾਹਿਬ ਅੰਦਰ ਸਜੇ ਦੀਵਾਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਬੈਠੀ ਹੋਈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੩). ਸ੍ਰੀਮਾਨ ਜੀ, ਪੰਜ ਪਿਆਰੋਂ ਕਾ ਕੜਾਹ ਪ੍ਰਸਾਦਿ ਕਾ ਵਰਤਾਰਾ ਖੰਡੇ ਕਾ ਅੰਮ੍ਰਤਧਾਰੀ ਮਾਈ ਲੇ ਸਕਤੀ ਹੈ ਕਿਯਾ ?

ਜਦੋਂ ਅੰਮ੍ਰਿਤਧਾਰੀ ਇਸਤਰੀਆਂ ਨੂੰ ਅੰਮ੍ਰਿਤ ਸੰਚਾਰ ਵਿੱਚ ਸੇਵਾ ਨਿਭਾਉਣ ਦਾ ਹੱਕ ਹਾਸਿਲ ਹੈ, ਤਾਂ ਪੰਜ ਪਿਆਰਿਆਂ ਦਾ ਪ੍ਰਸਾਦਿ ਲੈਣ ਵਿੱਚ ਕੋਈ ਹਰਜ਼ ਹੋ ਹੀ ਨਹੀਂ ਸਕਦਾ ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੪). ਸ੍ਰੀਮਾਨ ਜੀਓ, ਹਮ ਤੋ ਬ੍ਰਾਬ੍ਰ ਕਾ ਹਕ ਤਦ ਸਮਝੇਂਗੇ, ਜਦ ਆਪ ਅਪਨੀ ਜਗ੍ਹਾ ਤੇ ਖੰਡੇ ਕਾ ਅਮ੍ਰਤ ਛਕੇ ਵਾਲੀ ਮਾਈ ਤਿਆਰ ਪ੍ਰ ਤਿਆਰ ਰਹਿਤ ਬਹਿਤ ਮੇਂ, ਨਿਤਨੇਮ ਮੇਂ ਪੂਰੀ ਹੈ, ਉਸ ਕੋ ਅੰਮ੍ਰਤ ਕੇ ਟੈਮ ਅਪਨੀ ਜਗ੍ਹਾ ਪ੍ਰ ਯਾ ਪੰਜ ਪਿਆਰੋਂ ਮੇਂ ਸ਼ਾਮਿਲ ਕਰੋ, ਤੋ ਬ੍ਰਾਬ੍ਰ ਕਾ ਹਕ ਦੇਨੇ ਕੋ ਪੰਥ ਇਜਾਜ਼ਤ ਦੇ, ਤੋ ਸ਼ਾਮਿਲ ਕਰ ਲੋ ਔਰ ਉਸ ਕੋ ਪੰਥ ਪ੍ਰਵਾਨ ਕਰ ਲੇ, ਤੋ ਸਮਝਾਂਗੇ ਕਿ ਮਾਈਯੋਂ ਕੋ ਬ੍ਰਾਬ੍ਰ ਕਾ ਪੂਰਾ ਹਕ ਮਿਲ ਸਕਤਾ ਹੈ ।

'ਸਿੱਖ ਰਹਿਤ ਮਰਯਾਦਾ' ਅਨੁਸਾਰ ਸਿੱਖ ਇਸਤਰੀ ਨੂੰ ਇਹ ਹੱਕ ਹਾਸਿਲ ਹੈ ।

ਸਿੰਘ ਸਾਹਿਬ ਜੀ ਇੱਕ ਹੋਰ ਪ੍ਰਸ਼ਨ ਕਰਦੇ ਹੋਏ ਪੁੱਛਦੇ ਹਨ : -

> ੫). ਸ੍ਰੀਮਾਨ ਜੀਓ, ਤਖ਼ਤ ਸ੍ਰੀ ਹਜ਼ੂਰ ਸਾਹਿਬ ਕੀ ਮ੍ਰਿਜਾਦਾ ਕੇ ਤਹਿਤ ਭੋਗ ਕੇ ਲੰਗਰ ਮੇਂ ਮਾਈਯੋਂ ਕੋ ਜਾਨੇ ਕਾ ਆਡਰ ਨਹੀਂ ਹੈ । ਅਗ੍ਰ ਮਾਈ ਖੰਡੇ ਕਾ ਅੰਮ੍ਰਤ ਛਕਾਨੇ ਬਾਦ ਮਾਨ ਸਿੰਘ ਲਾਂਗ੍ਰੀ ਕੇ ਸਾਥ ਕੜਾਹ ਪ੍ਰਸਾਦਿ ਬਨਾਨਾ, ਪੂਰੀਆਂ ਆਦਿਕ ਬੇਲਨਾ, ਤਿਆਰ ਕਰਨੇ ਕੀ ਉਨ ਕੋ ਇਜਾਜ਼ਤ ਹੋਏਗੀ ਕਿ ਨਹੀਂ ? ਅਗ੍ਰ ਕਹੋ ਕਿ ਹੋਏਗੀ, ਤੋ ਬ੍ਰਾਬ੍ਰ ਕਾ ਹਕ ਪ੍ਰਾਪਤ ਹੂਵਾ । ਅਗ੍ਰ ਕੜਾਹ ਪ੍ਰਸਾਦਿ ਕੇ ਭੋਗ ਕੇ ਲੰਗਰ ਮੇਂ ਮਾਈਯੋਂ ਕੋ ਨਹੀਂ ਇਜਾਜ਼ਤ ਹੈ ਔਰ ਨਹੀਂ ਜਾ ਸਕਤੀ ਹੈਂ, ਤੋ ਆਪਨੇ ਮਾਈਯੋਂ ਕੋ ਖੰਡੇ ਕਾ ਅੰਮ੍ਰਤ ਛਕਾ ਕਰ ਮਾਈਯੋਂ ਕੋ ਬ੍ਰਾਬ੍ਰ ਕਾ ਹਕ ਕਿਆ ਦੀਆ ?

ਗੁਰਮਤਿ ਅਤੇ ਸਿੱਖ ਪਰੰਪਰਾ ਅਨੁਸਾਰ ਇਸਤਰੀਆਂ ਲੰਗਰ ਆਦਿਕ ਤਿਆਰ ਕਰ ਸਕਦੀਆਂ ਹਨ ਤੇ ਅਜਿਹਾ ਉਹ ਕਰਦੀਆਂ ਵੀ ਹਨ । ਇਹ ਪ੍ਰਸਿੱਧ ਹੈ ਕਿ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸੁਪਤਨੀ ਮਾਤਾ

ਖੀਵੀ ਜੀ ਖ਼ੁਦ ਲੰਗਰ ਦੀ ਸੇਵਾ ਕਰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਤਾ ਖੀਵੀ ਜੀ ਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ : -

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥ ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥ [੮]

ਇਸ ਤਰ੍ਹਾਂ, ਇਸਤਰੀਆਂ ਨੂੰ ਇਹ ਹੱਕ ਪ੍ਰਾਪਤ ਹੈ ਕਿ ਉਹ ਲੰਗਰ ਦੀ ਸੇਵਾ ਕਰਨ। ਇਸ ਹੱਕ ਦਾ ਇਸਤੇਮਾਲ ਤਾਂ ਉਹ ਸ਼ੁਰੂ ਤੋਂ ਹੀ ਕਰ ਰਹੀਆਂ ਹਨ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੬). ਗੁਰੂ ਸਾਹਿਬ ਜੀ ਕੇ ਬਾਉਲੀ ਸਾਹਿਬ ਮੇਂ ਸੇ ਮਹਾਰਾਜ ਕੇ ਭੋਗ ਕੇ ਲੰਗ੍ਰ ਮੇਂ ਖੰਡੇ ਕਾ ਅੰਮ੍ਰਿਤ ਛਕੇ ਵਾਲੀ ਮਾਈ ਜਲ ਕੀ ਸੇਵਾ ਕਰ ਸਕਤੀ ਹੈ ਕਿਯਾ ? ਹਜ਼ੂਰੀ ਮ੍ਰਿਯਾਦਾ ਕੇ ਤਹਿਤ ਨਹੀਂ ਕਰ ਸਕਤੀ, ਤੋ ਬ੍ਰਾਬ੍ਰ ਕਾ ਹਕ ਕੈਸੇ ਹੂਵਾ ਹੈ ?

ਸਿੱਖ ਪਰੰਪਰਾ ਵਿੱਚ ਜਦੋਂ ਮਾਈਆਂ ਨੂੰ ਲੰਗਰ ਤਿਆਰ ਕਰਨ ਦਾ ਹੱਕ ਪ੍ਰਾਪਤ ਹੈ, ਤਾਂ ਜਲ ਦੀ ਸੇਵਾ ਕਰਨ ਵਿੱਚ ਕੋਈ ਰੁਕਾਵਟ ਕਿਵੇਂ ਹੋ ਸਕਦੀ ਹੈ ?

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੭). ਹਜ਼ੂਰੀ ਮ੍ਰਿਜਾਦਾ ਕੇ ਤਹਿਤ ਗਾਗ੍ਰ ਕੀ ਸੇਵਾ ਖੰਡੇ ਕਾ ਅਮ੍ਰਤ ਛਕੇ ਵਾਲੀ ਮਾਈ ਕਰ ਸਕਤੀ ਹੈ ? ਅਗ੍ਰ ਨਹੀਂ ਕਰ ਸਕਤੀ, ਤੋ ਫੇਰ ਖੰਡੇ ਕਾ ਅੰਮ੍ਰਤ ਛਕਾ ਕਰ ਕਿਆ ਫ਼ਾਇਦਾ ਹੂਵਾ ? ਉਸ ਕੋ ਬ੍ਰਾਬ੍ਰ ਕਾ ਹਕ ਕਿਆ ਦੀਆ ?

ਗਾਗਰਾਂ ਵਿੱਚ ਜਲ ਲਿਆ ਕੇ ਤਖ਼ਤ ਇਸ਼ਨਾਨ ਕਰਾਇਆ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਜੀ ਦੇ ਪਵਿੱਤਰ ਸਰੋਵਰ ਦੀ ਸੇਵਾ ਲੱਖਾਂ ਇਸਤਰੀਆਂ ਨੇ ਕੀਤੀ ਹੈ। ਜੇ ਇਸਤਰੀਆਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਸਰੋਵਰ

---

[੮] ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਦੀ ਸੇਵਾ ਕਰ ਸਕਦੀਆਂ ਹਨ, ਤਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ ਗਾਗਰ ਦੀ ਸੇਵਾ ਕਰਨ 'ਤੇ ਪਾਬੰਦੀ ਲਗਾਉਣਾ ਵਾਜਿਬ ਨਹੀਂ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੮). ਸ੍ਰੀਮਾਨ ਜੀਓ, ਆਪ ਹੀ ਅਪਨੇ ਸਚੇ ਦਿਲ ਸੇ ਬੋਲੋ, ਖੰਡੇ ਕਾ ਅੰਮ੍ਰਿਤ ਛਕਨੇ ਵਾਲੀ ਮਾਈ ਪੂਰੀ ਮ੍ਰਿਜਾਦਾ ਮੇਂ ਰਹਿਨੇ ਵਾਲੀ ਕੋ ਤਖ਼ਤ ਸਾਹਿਬ ਪ੍ਰ ਅਪਨੀ ਜਗ੍ਹਾ ਪ੍ਰ ਚੌਰ ਕਰਨੇ ਦੇਨਗੇ ? ਅਗ੍ਰ ਹਜ਼ੂਰੀ ਮ੍ਰਿਜਾਦਾ ਕਿ ਤਹਿਤ ਨਹੀਂ ਤੋ ਫੇਰ ਆਪਨੇ ਖੰਡੇ ਕਾ ਅਮ੍ਰਤ ਛਕਾ ਕੇ ਪੂਰਾ ਬ੍ਰਾਬ੍ਰ ਕਾ ਹਕ ਕਿਯਾ ਦੀਆ ਹੈ ?

ਸਿੱਖ ਬੀਬੀਆਂ ਗੁਰ-ਸੰਗਤ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਬੈਠ ਕੇ ਪਾਠ ਕਰਦੀਆਂ ਤੇ ਚਵਰ ਝੁਲਾਉਂਦੀਆਂ ਹਨ। ਸਿੱਖ ਬੀਬੀਆਂ ਨੂੰ ਇਸ ਸੇਵਾ ਕਰਨ ਦਾ ਪੂਰਾ ਹੱਕ ਹਾਸਿਲ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੯). ਸ੍ਰੀਮਾਨ ਜੀਓ, ਜਹਾਂ ਸੇ ਸੂਰਜ ਨਿਕਲਤਾ ਔਰ ਛੁਪਤਾ ਹੈ (ਉਦੇ, ਅਸਤ) ਤਕ, ਪੂਰੇ ਪੰਥ ਨੇ ਖ਼ਾਲਸਾ ਪੰਥ ਨੇ ਮਾਈਆਂ ਪੰਜ ਪਿਆਰੇ ਬਨ ਕਰ ਅੰਮ੍ਰਿਤ ਕਰਨੇ, ਅੰਮ੍ਰਿਤ ਅਭਿਲਾਖੀਯੋਂ ਕੋ ਛਕਾਯਾ ਅਭੀ ਤਕ ਸੁਨਨੇ ਮੇਂ, ਪ੍ਰਚੋਂ ਮੇਂ ਭੀ ਲੇਖ ਨਹੀਂ ਆਯਾ ਹੈ । ਅਗ੍ਰ ਖੰਡੇ ਕਾ ਅੰਮ੍ਰਿਤ ਛਕ ਕੇ ਮਾਈਯੋਂ ਕੋ ਅਮ੍ਰਿਤ ਤਿਆਰ ਕਰਨੇ ਕਾ ਔਰ ਛਕਾਨੇ ਦਾ ਅਭੀ ਤਕ ਪੰਥ ਨੇ ਹਕ ਨਹੀਂ ਦੀਯਾ ਹੈ, ਤੋ ਕੈਸੇ ਮਾਨਾ ਜਾਏ ਕਿ ਬ੍ਰਾਬ੍ਰ ਕਾ ਹਕ ਮਾਈਯੋਂ ਕੋ ਖੰਡੇ ਕਾ ਅਮ੍ਰਿਤ ਛਕਾਏ ਦੀਯਾ ਹੈ ?

'ਸਿੱਖ ਰਹਿਤ ਮਰਯਾਦਾ' ਵਿੱਚ 'ਅੰਮ੍ਰਿਤ ਸੰਸਕਾਰ' ਦੇ ਸਿਰਲੇਖ ਹੇਠ ਅੰਮ੍ਰਿਤ ਸੰਚਾਰ ਦੀ ਜੋ ਵਿਧੀ ਲਿੱਖੀ ਹੈ, ਉਸ ਵਿੱਚ ਇਹ ਜ਼ਿਕਰ ਆਉਂਦਾ ਹੈ, "ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇੱਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ । ਇਨ੍ਹਾਂ ਵਿੱਚ ਸਿੰਘਣੀਆਂ ਭੀ ਹੋ ਸਕਦੀਆਂ ਹਨ" । 'ਸਿੱਖ ਰਹਿਤ ਮਰਯਾਦਾ' ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਵੱਲੋਂ ਪੁਸਤਕ 'ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ' ਲਿੱਖੇ ਜਾਣ ਤੋਂ ਕਾਫ਼ੀ ਪਹਿਲਾਂ ਹੀ ਛੱਪ ਚੁੱਕੀ ਸੀ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੧੦). ਸ੍ਰੀਮਾਨ ਜੀਓ, ਔਰ ਤੋ ਕਿਆ, ਜਹਾਂ ਭੀ ਗੁਰਪੁਰਬੋਂ ਪ੍ਰ ਯਾ ਧਾਰਮਕ ਤਿਉਹਾਰੋਂ ਪ੍ਰ ਜਲੂਸ ਨਿਕਲਤੇ ਤੇ ਉਸ ਸਮੇਂ ਪ੍ਰ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਸਵਾਰੀ ਕੇ ਸਾਮਨੇ ਨੰਗੀਆਂ ਤਲਵਾਰਾਂ ਲੈ ਕੇ ਚਲਤੇ ਅਭੀ ਤਕ ਏਹ ਪੰਜ ਪਿਆਰੋਂ ਔਰ ਏਕ ਮਾਈ ਜੋ ਤਿਆਰ ਪ੍ਰ ਤਿਆਰ ਖੰਡੇ ਕਾ ਅਮ੍ਰਤ ਛਕੇ ਵਾਲੀ ਮਾਈ ਕੋ ਸ਼ਾਮਿਲ ਨਹੀਂ ਕੀਯਾ ਹੈ । ਤੋ ਕੈਸਾ ਮਾਨਾ ਜਾਏ ਕਿ ਖੰਡੇ ਕਾ ਅਮ੍ਰਤ ਛਕੇ ਬਾਦ ਮਾਈਆਂ ਕੋ ਬ੍ਰਾਬ੍ਰ ਕਾ ਹਕ ਪ੍ਰਾਪਤ ਹੂਵਾ ਹੈ ?

ਜਦੋਂ ਇਸਤਰੀਆਂ ਨੂੰ ਅੰਮ੍ਰਿਤ ਸੰਚਾਰ ਵਿੱਚ ਸ਼ਾਮਿਲ ਹੋਣ ਦਾ ਹੱਕ ਹੈ, ਤਾਂ ਨਗਰ ਕੀਰਤਨ ਵਿੱਚ ਪੰਜ ਪਿਆਰਿਆਂ ਦੇ ਰੂਪ ਵਿੱਚ ਸ਼ਾਮਿਲ ਹੋਣ 'ਤੇ ਪਾਬੰਦੀ ਦੀ ਕੋਈ ਤੁੱਕ ਹੀ ਨਹੀਂ ਬਣਦੀ। ਸਿੰਘ ਸਾਹਿਬ ਜੀ ਅੱਜ ਸ਼ਾਰੀਰਿਕ ਰੂਪ ਵਿੱਚ ਸਾਡੇ ਵਿੱਚ ਮੌਜੂਦ ਹੁੰਦੇ, ਤਾਂ ਦੇਖਦੇ ਕਿ ਬੀਬੀਆਂ ਨਗਰ ਕੀਰਤਨ ਵਿੱਚ ਪੰਜ ਪਿਆਰਿਆਂ ਦੇ ਰੂਪ ਵਿੱਚ ਸ਼ਾਮਿਲ ਹੋ ਰਹੀਆਂ ਹਨ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੧੧). ਸ੍ਰੀਮਾਨ ਜੀਓ, ਬੋਲਾ ਸੌਖਾ ਹੈ, ਕਰਨਾ ਔਖਾ ਹੈ । ਸ੍ਰੀਮਾਨ ਜੀ, ਦਸ਼ਮੇਸ਼ ਪਿਤਾ ਜੀ ਨੇ ਅਮ੍ਰਤ ਤਿਆਰ ਕਰਨੇ ਵਕਤ ਜਿਤਨਾ ਅਖ਼ਤਿਆਰ ਸ੍ਰੀ ਮਾਤਾ ਜੀਤੋ ਜੀ ਕੋ ਦੀਯਾ ਥਾ, ਅਭੀ ਤਕ ਪੰਥ ਨੇ ਅਮ੍ਰਿਤ ਮੇਂ ਓਹ ਹਕ ਭੀ ਮਾਈਯੋਂ ਕੋ ਨਹੀਂ ਦੀਏ । ਅਗ੍ਰ ਦੇਤੇ, ਤੋ ਅਮ੍ਰਿਤ ਮੇਂ ਪਤਾਸੇ ਮਾਈ ਡਾਲਤੀ ਥੀ ਵ ਪਾਉਂਦੀ ਸੀ । ਸ੍ਰੀਮਾਨ ਜੀ, ਏਹ ਸਭ ਕਹਿਨ ਕੇ ਬਾਤਾਂ ਹੈਂ, ਮਾਈਯੋਂ ਕੋ ਬ੍ਰਾਬ੍ਰ ਕਾ ਹਕ ਦੇਉ । ਸਾਰੇ ਖ਼ਾਲਸਾ ਪੰਥ ਮੇਂ ਮਾਈਯੋਂ ਕੋ ਤਿਆਰ ਪ੍ਰ ਤਿਆਰ ਪੰਜ ਪਿਆਰੇ ਬਨ ਕੇ ਅਮ੍ਰਿਤ ਛਕਾਨੇ ਕਾ ਹਕ ਨਹੀਂ ਦੀਯਾ ਗਯਾ ਹੈ । ਹੋਰ ਤੋ ਕਿਆ, ਪੰਜ ਪਿਆਰੋਂ ਕਾ ਕੜਾਹ ਪ੍ਰਸਾਦਿ ਲੇਨੇ ਕਾ ਅਭੀ ਤਕ ਹਕ ਨਹੀਂ ਦੀਯਾ ਹੈ ।

ਸਿੰਘ ਸਾਹਿਬ ਜੀ ਦਾ ਇਹ ਲਿੱਖਣਾ ਬਿਲਕੁਲ ਗ਼ਲਤ ਹੈ ਕਿ ਅਜੇ ਤੱਕ ਖ਼ਾਲਸਾ ਪੰਥ ਨੇ ਬੀਬੀਆਂ ਨੂੰ ਪੰਜ ਪਿਆਰੇ ਬਣ ਕੇ ਅੰਮ੍ਰਿਤ ਛਕਾਉਣ ਦਾ ਹੱਕ ਨਹੀਂ ਦਿੱਤਾ ਹੈ। ਉਪਰ ਅਸੀਂ 'ਸਿੱਖ ਰਹਿਤ ਮਰਯਾਦਾ' ਵਿੱਚੋਂ ਉਦਾਹਰਣ ਦੇ ਚੁੱਕੇ ਹਾਂ ਕਿ 'ਸਿੱਖ ਰਹਿਤ ਮਰਯਾਦਾ' ਅਨੁਸਾਰ ਇਸਤਰੀਆਂ ਨੂੰ ਇਹ ਹੱਕ ਹਾਸਿਲ ਹੈ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੧੨). ਸ੍ਰੀਮਾਨ ਜੀਓ, ਤਖ਼ਤ ਸ੍ਰੀ ਹਜ਼ੂਰ ਸਾਹਿਬ ਕੋ ਛੋੜਕਰ ਜਹਾਂ ਪ੍ਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਾ ਇੰਤਜ਼ਾਮ ਹੈ, ਵਹਾਂ ਪ੍ਰ ਭੀ ਪੰਜ ਪਿਆਰੋਂ ਮੇਂ ਭੀ ਜਥੇਦਾਰੀ ਕੀ ਪਦਵੀ ਕਿਸੀ ਤਿਆਰ ਪ੍ਰ ਤਿਆਰ ਮਾਈ ਕੋ ਖੰਡੇ ਕਾ ਅਮ੍ਰਤ ਛਕੀ ਵਾਲੀ ਕੋ ਨਹੀਂ ਦੀ ਗਈ ਹੈ । ਤੋ, ਕੈਸਾ ਮਾਨਾ ਜਾਏ ਕਿ ਹਮ ਹਜ਼ੂਰ ਸਾਹਿਬ ਪ੍ਰ ਮਾਈਯੋਂ ਕੋ ਹਕ ਬ੍ਰਾਬ੍ਰ ਨਹੀਂ ਦੇਤੇ ।

ਮੁੱਦਾ ਤਾਂ ਇਹ ਹੈ ਕਿ ਕੀ ਕਿਸੇ ਅੰਮ੍ਰਿਤਧਾਰੀ ਬੀਬੀ ਨੂੰ ਪੰਜ ਪਿਆਰਿਆਂ ਵਿੱਚ ਸ਼ਾਮਿਲ ਕਰਨ 'ਤੇ ਜਾਂ ਜੱਥੇਦਾਰੀ ਸੌਂਪਣ 'ਤੇ ਕੋਈ ਪਾਬੰਦੀ ਹੈ ? ਗੁਰਮਤਿ ਵਿੱਚ ਅਜਿਹੀ ਕੋਈ ਪਾਬੰਦੀ ਨਹੀਂ ਹੈ ।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੧੩). ਸ੍ਰੀਮਾਨ ਜੀਓ, ਖੰਡੇ ਕਾ ਅਮ੍ਰਿਤ ਛਕਾ ਕਰ ਮਾਈਯੋਂ ਕੋ ਸਿੰਘ ਨਾਮ ਯਾ ਸਿੰਘਨੀ ਨਾਮ ਕਿਉਂ ਨਹੀਂ ਰਖਤੇ ਹੋ ? ਕੌਰ ਨਾਮ ਕਿਉਂ ਰਖਤੇ ਹੈਂ ? ਕੌਰ ਕਿਸ ਕੋ ਕਹਿਤੇ ਹੈਂ ? ਜੋ ਰਾਜੇ ਮਹਾਰਾਜੋਂ ਕੇ ਰਾਜਕੁਮਾਰ ਹੋਤੇ ਹੈਂ, ਉਨ ਮੇਂ ਸੇ ਜੋ ਬੜਾ ਹੋਤਾ ਹੈ, ਉਸ ਕੋ ਟੀਕਾ ਸਾਹਿਬ ਕਹਿਤੇ ਹੈਂ, ਕਿਉਂਕਿ ਉਹ ਰਾਜ ਤਖ਼ਤ ਦਾ ਵਾਰਿਸ ਹੈ । ਯਾ ਮਾਲਕ ਹੋਨੇ ਵਾਲਾ ਹੈ । ਟੀਕੇ ਕਾ ਮਤਲਬ ਅਗੇ ਜਾ ਕਰ ਇਸ ਕੇ ਮਥੇ ਪ੍ਰ ਰਾਜ ਟੀਕਾ ਲਗੇਗਾ । ਕੌਰ ਛੋਟੇ ਬੇਟੋਂ ਕੋ ਕਹਿਤੇ ਹੈਂ । ਕੌਰ ਕਾ ਮਤਲਬ ਕਿਉਂਕਿ ਓਹ ਰਾਜੇ ਮਹਾਰਾਜੇ ਕੇ ਜਾਇਦਾਦ ਕਾ ਹਕਦਾਰ ਹੈ, ਰਾਜ ਤਖ਼ਤ, ਰਾਜ ਪ੍ਰਬੰਧ ਕੋ ਚਲਾਨੇ ਕਾ ਹਕਦਾਰ ਨਹੀਂ ਹੈ । ਉਸ ਕਾ ਮਥਾ ਰਾਜ ਤਿਕਲ ਸੇ ਕੋਰਾ ਰਹਿਤਾ ਹੈ, ਇਸ ਲੀਏ ਉਸ ਕੋ ਕੌਰ ਕਿਹਾ ਜਾਤਾ ਹੈ । ਖੰਡੇ ਕਾ ਅਮ੍ਰਿਤ ਮਾਈਯੋਂ ਕੋ ਛਕਾ ਕੇ ਫੇਰ ਕੌਰ ਨਾਮ ਰਖਨਾ, ਏਹੀ ਉਨ ਕੋ ਛੋਟਾ ਦਰਜਾ ਦੇਨਾ ਹੈ, ਦੇਤੇ ਹੋ । ਕੌਰ ਨਾਮ ਹੋਨੇ ਸੇ ਰਾਜ ਪ੍ਰਬੰਧ ਕਾ ਅਧਿਕਾਰ ਨਹੀਂ ਹੋ ਸਕਤਾ ਹੈ ।

ਲਫ਼ਜ਼ 'ਕੌਰ' ਦੀ ਉਪਰੋਕਤ ਦਲੀਲ ਤਾਂ ਹੀ ਵਜ਼ਨਦਾਰ ਹੋ ਸਕਦੀ ਸੀ, ਜੇ ਅੰਮ੍ਰਿਤਧਾਰੀ ਪੁਰਖ ਆਪਣੇ ਨਾਮ ਨਾਲ 'ਟਿੱਕਾ' ਲਫ਼ਜ਼ ਦੀ ਵਰਤੋਂ ਕਰਦੇ ਹੁੰਦੇ । ਜਦੋਂ ਸਿੰਘ ਆਪਣੇ ਨਾਮ ਨਾਲ 'ਟਿੱਕਾ' ਲਫ਼ਜ਼ ਦੀ ਵਰਤੋਂ ਨਹੀਂ ਕਰਦੇ, ਤਾਂ 'ਕੌਰ' ਨੂੰ 'ਟਿੱਕਾ' ਦੇ ਮੁਕਾਬਲੇ ਨੀਵਾਂ ਮੰਨ ਕੇ ਇਸਤਰੀਆਂ ਨੂੰ ਖੰਡੇ ਦੇ ਅੰਮ੍ਰਿਤ ਤੋਂ ਵਿਰਵਾ ਰੱਖਣਾ ਬਿਲਕੁਲ ਅਯੋਗ ਹੈ ।

ਵੈਸੇ ਵੀ, ਸਿੰਘ ਸਾਹਿਬ ਜੀ ਲਫ਼ਜ਼ 'ਕੌਰ' (ਕੰਵਰ) ਨੂੰ ਜਿਸ ਅਰਥ ਵਿੱਚ ਵਰਤ ਰਹੇ ਹਨ, ਉਸ ਅਰਥ ਵਿੱਚ ਇਹ ਲਫ਼ਜ਼ ਨਾਮ ਦੇ ਸ਼ੁਰੂ ਵਿੱਚ ਵਰਤਿਆ ਜਾਂਦਾ ਹੈ, ਨਾ ਕਿ ਨਾਮ ਦੇ ਅੰਤ ਵਿੱਚ । ਉਦਾਹਰਣ ਵਜੋਂ, ਜੇ ਕਿਸੇ

ਕੰਵਰ ਦਾ ਨਾਮ ਪ੍ਰਤਾਪ ਸਿੰਘ ਹੈ, ਤਾਂ ਉਸ ਨੂੰ 'ਕੁੰਵਰ ਪ੍ਰਤਾਪ ਸਿੰਘ' ਕਿਹਾ ਜਾਏਗਾ, ਨਾ ਕਿ 'ਪ੍ਰਤਾਪ ਸਿੰਘ ਕੁੰਵਰ'।

ਸਿੰਘ ਸਾਹਿਬ ਜੀ ਲਿੱਖਦੇ ਹਨ : -

> ੧੪). ਸ੍ਰੀਮਾਨ ਜੀਓ, ਅਜ ਤਕ ਪੂਰੇ ਪੰਥ ਮੇਂ ਉਦੇ ਅਸਤ ਤਕ, ਸੁਨਨੇ ਮੇਂ, ਦੇਖਨੇ ਮੇਂ ਨਹੀਂ ਆਯਾ ਹੈ ਕਿ ਕਿਸੀ ਜਗ੍ਹਾ ਪ੍ਰ ਮਾਈਆਂ ਨੇ ਮਾਈ ਕੋ ਭੀ ਅਮ੍ਰਤ ਛਕਾਯਾ ਹੈ । ਅਗ੍ਰ ਛਕਾਨੇ ਕਾ ਉਨ ਕੋ ਹਕ ਅਖ਼ਤਿਆਰ ਨਹੀਂ ਹੈ, ਤੋ ਫੇਰ ਕੈਸਾ ਮਾਨਾ ਜਾਏ, ਮਾਈਯੋਂ ਕੋ ਖੰਡੇ ਕਾ ਅੰਮ੍ਰਤ ਛਕਾ ਕਰ ਬ੍ਰਾਬ੍ਰ ਕਾ ਹਕ ਦੀਯਾ ਹੈ ।

ਉੱਪਰ ਕਿਹਾ ਜਾ ਚੁੱਕਾ ਹੈ ਕਿ ਸਿਧਾਂਤਕ ਰੂਪ ਵਿੱਚ ਸਿੱਖ ਬੀਬੀਆਂ ਨੂੰ ਇਹ ਹੱਕ ਹਾਸਿਲ ਹੈ।

ਸਿੰਘ ਸਾਹਿਬ ਜੀ ਵਿਸ਼ੇ ਤੋਂ ਬਾਹਰ ਜਾ ਕੇ ਦਲੀਲ ਦਿੰਦਿਆਂ ਲਿੱਖਦੇ ਹਨ : -

੧੫). ਸ੍ਰੀਮਾਨ ਜੀਓ, ਅਗ੍ਰ ਪੂਛਾ ਜਾਏ ਕਿ ਖੰਡੇ ਕਾ ਅੰਮ੍ਰਤ ਛਕਾਨਾ ਮਾਈਯੋਂ ਕੋ ਕਹਾ ਲਿਖਾ ਹੈ ਇਤਹਾਸੋਂ ਮੇਂ ਤੋ ਸਿਰਫ਼ ਏਹ ਜਵਾਬ ਦੇਇੰਗੇ ਕਿ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸੰਤ ਰਣਧੀਰ ਸਿੰਘ ਕੇ ਜਥੇ ਵਾਲੇ ਛਕਾ ਰਹੇ ਹੈਂ ਇਤਆਦਿਕ । ਇਸ ਕੇ ਬਾਰੇ ਸੋਚਨਾ ਚਾਹੀਏ ਕਿ ਜੋ ਏਹ ਲੋਗ ਕਾਮ ਕਰਤੇ ਹੈਂ, ਠੀਕ ਕਰਤੇ ਯਾ ਗ਼ਲਤ ਕਰਤੇ ।

> ਪ੍ਰਮਾਣ ਵਜੋਂ
> ੧). ਏਹ ਪਾਠ ਕੀ ਸਮਾਪਤੀ ਪ੍ਰ ਰਾਗਮਾਲਾ ਨਹੀਂ ਪੜਤੇ ਔਰ ਖੰਡਨ ਕੀਯਾ ਹੈ ਪੜ੍ਹਨਾ ।
> ੨). ਭਸੌੜੀਓਂ, ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਮੇਂ ਸੇ ਭਗਤੋਂ ਕੀ ਬਾਣੀ ਕਾ ਭੀ ਖੰਡਨ ਕੀਯਾ ਹੈ ।
> ੩). ਉਨ੍ਹਾਂ ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਕੇ ਮੰਗਲਾਚਰਨ ਅਦਲਾ ਬਦਲੀ ਕੀਏ ਹੈਂ ।
> ੪). ਇਨ੍ਹਾਂ ਨੇ ਰਹਿਰਾਸ ਕੇ ਪਾਠ ਮੇਂ ਭੀ ਖੰਡਨ ਕਰੇ ਹੈਂ ਇਤਆਦਿਕ ਕਈ ਚੀਜ਼ਾਂ ਗੁਰ ਮ੍ਰਿਜਾਦਾ ਕਾ ਖੰਡਨ ਕਰੇ ਹੈ । ਤਾਂ ਅਪਨੇ ਯਹਾਂ ਸੇ ਤਖ਼ਤ ਸਾਹਿਬ ਸੇ ਕਿਉਂ ਲਿਖੇ ਹੈਂ, ਇਹ ਗ਼ਲਤ ਕੀਏ ਹੈਂ ਮੰਗਲਾਚਰਨ ਬਾਰੇ ।

੫). ਔਰ ਮੰਗਲਾਚਰਨ ਬਾਰੇ ਸੰਤ ਸਮਾਜ ਖ਼ਾਲਸਾ ਜੀ ਨੇ ਕਮੇਟੀ ਬਨਾ ਕਰ ਮੰਗਲਾਚਰਨ ਜੋ ਉਪ੍ਰ ਨੀਚੇ ਕਰੇ, ਸੋ ਠੀਕ ਕਰਾਏ । ਕੈਸਾ ਮਾਨਾ ਜਾਏ ਕਿ ਮਾਈਯੋਂ ਕੋ ਖੰਡੇ ਕਾ ਅੰਮ੍ਰਿਤ ਛਕਾ ਰਹੇ, ਏਹ ਬਿਲਕੁਲ ਠੀਕ ਹੈ ?

ਇਨ੍ਹਾਂ ਗੱਲਾਂ ਦਾ ਖੰਡੇ ਦੇ ਅੰਮ੍ਰਿਤ ਨਾਲ ਸੰਬੰਧ ਜੋੜਨਾ ਠੀਕ ਨਹੀਂ ਹੈ । ਇਹ ਬਿਲਕੁਲ ਅਲੱਗ ਵਿਸ਼ੇ ਹਨ, ਇਸ ਲਈ ਇਨ੍ਹਾਂ ਬਾਰੇ ਇੱਥੇ ਵੀਚਾਰ ਕਰਨੀ ਉਚਿੱਤ ਨਹੀਂ ਹੈ ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਆਪਣੀ ਇਸ ਪੁਸਤਕ (ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ) ਵਿੱਚ ਸਿੰਘ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਨੇ ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦਾ ਡੱਟਵਾਂ ਵਿਰੋਧ ਕੀਤਾ ਹੈ, ਜਦਕਿ ਦੂਜੇ ਪਾਸੇ ਉਨ੍ਹਾਂ ਨੇ 'ਬਿਜੈ ਮੁਕਤਿ' ਗ੍ਰੰਥ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਅਜਿਹਾ ਲਿੱਖਿਆ ਹੋਇਆ ਮਿਲਦਾ ਹੈ : -

ਗੁਰਾਂ ਹੁਕਮ ਕੀਤਾ, "ਸਿਖ ਤੇ ਸਿਖਨੀ ਦੋਨੋਂ ਅਸਾਡਾ ਮੰਤ੍ਰ ਪੜਨਗੇ, ਅਰ ਖੰਡੇ ਕਾ ਅੰਮ੍ਰਿਤ ਛਕਣਗੇ । ਓਹ ਮਾਤ ਲੋਕ, ਸਵਰਗ ਲੋਕ, ਫੇਰ ਬੈਕੁੰਠ ਲੋਕ ਵਿਖੇ ਸੁਖ ਭੋਗਨਗੇ, ਆਪਣਿਆਂ ਪਿਤਰਾਂ ਕਾ ਉਧਾਰ ਕਰਨਗੇ । ਜੇਹੜੀ ਸਿਖਣੀ ਖੰਡੇ ਕਾ ਅੰਮ੍ਰਿਤ ਨ ਛਕੇਗੀ, ਉਹ ਸਿਖਾਂ ਨਾਲੋਂ ਅਕਾਲ ਪੁਰਖ ਦੀ ਦਰਗਾਹੇ ਵਿਛੁੜ ਜਾਏਗੀ" । ਸੁੰਨਤ, ਜਨੇਊ ਨਾਹੀ ਅਰ ਨਿਗੁਰੀ ਰਖਦੇ ਹਨ, ਤਾਂ ਗਤੀ ਨਹੀਂ ਹੁੰਦੀ । ਗੁਰਾਂ ਬਚਨ ਕੀਤਾ, "ਸਿੰਘ ਧਰਮ ਮੈ ਖੰਡੇ ਕਾ ਅੰਮ੍ਰਿਤ ਹੀ ਸੰਸਕਾਰ ਗੁਰੂ ਹੈ, ਹਿੰਦੂ ਤੁਰਕ ਦੋਨੋ ਇਸਤ੍ਰੀ ਕਾ ਸੰਸਕਾਰ ਨਹੀਂ ਕਰਦੇ" । ਸਿੰਘ ਸੁਣ ਕਰ ਪ੍ਰਸਿੰਨ ਹੋਏ । ਅਗੇ ਅਰਜ਼ ਕਰੀ, ਤਾਂ ਸਚੇ ਪਾਤਿਸ਼ਾਹ ਸਿਖਾਂ ਦੀ ਬੇਨਤੀ ਮਾਨ ਕਰ ਮੰਤ੍ਰੋਂ ਸੇ ਅੰਮ੍ਰਿਤ ਕੋ ਲਗੇ ਤਿਆਰ ਕਰਨੇ ਖੰਡੇ ਨਾਲ ।

ਤੇ,

ਸਾਰੀ ਸਿਖੀ ਸੰਜੁਗਤ ਸਮੂਹ ਸਿਖਣੀਆਂ ਨੂੰ ਸ੍ਰੀ ਕਲਗੀਧਰ ਜੀ ਨੇ ਅੰਮ੍ਰਿਤ ਛਕਾਇਆ । ਓਸੇ ਵੇਲੇ ਮਲੇਛ ਭਾਉਨਾ ਦੂਰ ਹੋ ਗਈ ।

ਸਿੰਘ ਸਾਹਿਬ ਜੀ ਵੱਲੋਂ ਪ੍ਰਕਾਸ਼ਿਤ 'ਬਿਜੈ ਮੁਕਤਿ' ਤਾਂ ਇੱਥੋਂ ਤਕ ਕਹਿੰਦਾ ਹੈ : -

> ਜੇਹੜੇ ਸਿਖਾਂ ਦੇ ਪੁਤ੍ਰ ਹੋਣਗੇ, ਸਿਖਣੀ ਕੋ ਗੁਰੂ ਕਾ ਉਪਦੇਸ ਦੇ ਕਰ ਤੇ ਡਰਾ ਕੇ ਬੀ ਅੰਮ੍ਰਿਤ ਖੰਡੇ ਦਾ ਛਕਾ ਦੇਣਗੇ । ਨਿਗੁਰੇ ਕਾ ਮੁਖ ਦੇਖਣਾ ਪਾਪ ਹੈ । ਸਿੰਘ ਧਰਮ ਮੇਂ ਖੰਡੇ ਦਾ ਅੰਮ੍ਰਿਤ ਹੀ ਗੁਰੂ ਹੈ ।

ਆਪਣੀ ਪੁਸਤਕ 'ਸ੍ਰੀ ਹਜ਼ੂਰੀ ਮ੍ਰਿਯਾਦਾ ਪ੍ਰਬੋਧ' ਵਿੱਚ ਸਿੰਘ ਸਾਹਿਬ ਜੀ ਲਿੱਖਦੇ ਹਨ, "ਇਤਨੀ ਡਾਢੀ ਸਖ਼ਤ ਮਨਾਹੀ ਹੋਨ ਕਰ ਜੋ ਕਿ ਇਸਤ੍ਰੀਆਂ ਨੂੰ ਖੰਡੇ ਦੇ ਅਮ੍ਰਤ ਦੀ ਪਾਹੁਲ ਹੋਨ ਪ੍ਰ ਹਠ ਕਰੇ, ਜੋ ਕੇਵਲ ਮਨਮਤ ਦਾ ਨਿਰਾਰਥਕ ਅਤੇ ਮ੍ਰਿਜਾਦਾ ਭੰਗ ਕਰਕੇ ਫਸਾਦ ਪਾਉਨ ਦਾ ਖੋਟਾ ਹਠ ਹੈ" । ਦੂਜੇ ਪਾਸੇ, ਸਿੰਘ ਸਾਹਿਬ ਜੀ 'ਬਿਜੈ ਮੁਕਤਿ' ਗ੍ਰੰਥ ਪ੍ਰਕਾਸ਼ਿਤ ਕਰਦੇ ਹਨ, ਜੋ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਜੇਹੜੀ ਸਿਖਣੀ ਖੰਡੇ ਕਾ ਅੰਮ੍ਰਿਤ ਨ ਛਕੇਗੀ, ਉਹ ਸਿਖਾਂ ਨਾਲੋਂ ਅਕਾਲ ਪੁਰਖ ਦੀ ਦਰਗਾਹੇ ਵਿਛੁੜ ਜਾਏਗੀ" । ਜ਼ਾਹਿਰ ਹੈ ਕਿ ਸਿੰਘ ਸਾਹਿਬ ਜੀ ਦੀ ਆਪਣੇ ਵਿਸ਼ੇ ਉਤੈ ਡੂੰਘੀ ਪਕੜ ਨਹੀਂ ਸੀ । ਇਸਤਰੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਛਕਾਉਣ ਦੀ ਨਵੀਨ ਰੀਤੀ ਨੂੰ ਪੁਰਾਤਨ ਸਿੱਧ ਕਰਦਿਆਂ ਉਹ ਇਹ ਬਿਲਕੁਲ ਹੀ ਭੁੱਲ ਗਏ ਕਿ 'ਬਿਜੈ ਮੁਕਤਿ' ਗ੍ਰੰਥ ਵਿੱਚ ਕੀ ਲਿੱਖਿਆ ਹੈ, ਜਿਸ ਨੂੰ ਉਹ ਪੁਰਾਤਨ ਗ੍ਰੰਥ ਮੰਨਦੇ ਸਨ ।

ਸਾਰੀ ਵੀਚਾਰ ਤੋਂ ਅਸੀਂ ਇਸ ਨਤੀਜੇ 'ਤੇ ਪੁੱਜਦੇ ਹਾਂ ਕਿ ਇਸਤਰੀਆਂ ਨੂੰ ਖੰਡੇ ਦੇ ਅੰਮ੍ਰਿਤ ਦੀ ਬਜਾਇ ਕਿਰਪਾਨ ਦਾ ਅੰਮ੍ਰਿਤ ਛਕਾਉਣਾ ਇੱਕ ਨਵੀਨ ਰੀਤੀ ਹੈ, ਜਿਸ ਨੂੰ ਪੁਰਾਤਨ ਮਰਯਾਦਾ ਸਿੱਧ ਕਰਨ ਦੀ ਕੋਸ਼ਿਸ਼ ਵਿੱਚ ਸਿੰਘ ਸਾਹਿਬ ਜੀ ਨੇ ਤਰਕਹੀਣ ਗੱਲਾਂ ਹੀ ਲਿੱਖੀਆਂ ਹਨ । ਉਨ੍ਹਾਂ ਵੱਲੋਂ ਹੀ ਪ੍ਰਕਾਸ਼ਿਤ ਗ੍ਰੰਥ 'ਬਿਜੈ ਮੁਕਤਿ', ਜਿਸ ਨੂੰ ਸਿੰਘ ਸਾਹਿਬ ਜੀ ਪੁਰਾਤਨ ਗ੍ਰੰਥ ਮੰਨਦੇ ਸਨ, ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਹਦਾਇਤ ਕਰਦਾ ਹੈ । ਇਸਤਰ੍ਹਾਂ, ਬੀਬੀਆਂ ਨੂੰ ਖੰਡੇ ਦੀ ਪਾਹੁਲ ਦੀ ਜਗ੍ਹਾ ਕਿਰਪਾਨ ਦਾ ਅੰਮ੍ਰਿਤ ਛਕਾਉਣਾ ਸਿੱਖ ਪਰੰਪਰਾ ਅਨੁਸਾਰ ਠੀਕ ਨਹੀਂ ਹੈ ।

✷✷✷✷✷